CENSUS • RECENSEMENT

ਮਹੱਤਵਪੂਰਨ: ਇਹ ਦਸਤਾਵੇਜ਼ ਸਿਰਫ਼ ਹਵਾਲੇ ਦੇ ਉਦੇਸ਼ਾਂ ਲਈ ਹੈ।

2026 ਦੀ ਜਨਗਣਨਾ ਪ੍ਰਸ਼ਨਾਵਲੀ ਅੰਗਰੇਜ਼ੀ ਜਾਂ ਫ੍ਰੈਂਚ ਵਿੱਚ, ਔਨਲਾਈਨ ਜਾਂ ਕਾਗਜ਼ 'ਤੇ ਪੂਰੀ ਕੀਤੀ ਜਾਣੀ ਚਾਹੀਦੀ ਹੈ।

# 2026 ਦੀ ਜਨਗਣਨਾ

# 2A-R ਸਵਾਲ
# ਅਤੇ ਸਵਾਲ ਪੁੱਛੇ ਜਾਣ ਦੇ ਕਾਰਨ

www.census.gc.ca

Statistics Canada Statistique Canada

Canada

## ਪਰਿਚੈ

ਸਟੈਟਿਸਟਿਕਸ ਕੈਨੇਡਾ ਨੇ 2026 ਦੀ ਜਨਗਣਨਾ ਪ੍ਰਸ਼ਨਾਵਲੀ ਦੇ ਛਾਪੇ ਗਏ ਸੰਸਕਰਣ ਵਿੱਚ ਸ਼ਾਮਲ ਪ੍ਰਸ਼ਨਾਂ ਦੇ ਕਈ ਫਾਰਮੈਟ ਤਿਆਰ ਕੀਤੇ ਹਨ। ਇਹ 2026 ਦੀ ਜਨਗਣਨਾ ਦੀ ਅਧਿਕਾਰਤ ਪ੍ਰਸ਼ਨਾਵਲੀ ਨਹੀਂ ਹੈ, ਪਰ ਇਸ ਵਿੱਚ ਉਹੀ ਸਮੱਗਰੀ ਹੈ। ਇਸ ਦਸਤਾਵੇਜ਼ ਵਿੱਚ ਸ਼ਾਮਲ ਸਵਾਲਾਂ ਦੇ ਪੰਨਾ ਨੰਬਰ ਅਧਿਕਾਰਤ ਪ੍ਰਸ਼ਨਾਵਲੀ ਵਿੱਚ ਦਿੱਤੇ ਸਵਾਲਾਂ ਮੇਲ ਨਹੀਂ ਖਾਣਗੇ।

ਇਹ ਦਸਤਾਵੇਜ਼ ਸਿਰਫ਼ ਹਵਾਲੇ ਦੇ ਉਦੇਸ਼ਾਂ ਲਈ ਹੈ। ਤੁਸੀਂ ਇਸਦੀ ਵਰਤੋਂ 2026 ਦੀ ਜਨਗਣਨਾ ਪ੍ਰਸ਼ਨਾਵਲੀ ਦੀ ਸਮੱਗਰੀ ਨਾਲ ਜਾਣੂ ਹੋਣ ਲਈ ਕਰ ਸਕਦੇ ਹੋ; ਹਾਲਾਂਕਿ, ਸਵਾਲਾਂ ਦੇ ਤੁਹਾਡੇ ਜਵਾਬ ਸਟੈਟਿਸਟਿਕਸ ਕੈਨੇਡਾ ਨੂੰ ਜਾਂ ਤਾਂ ਤੁਹਾਨੂੰ ਡਾਕ ਰਾਹੀਂ ਪ੍ਰਾਪਤ ਹੋਏ ਪੱਤਰ ਵਿੱਚ ਦਿੱਤੇ ਗਏ ਸੁਰੱਖਿਅਤ ਐਸਕਸੇਸ ਕੋਡ ਦੀ ਵਰਤੋਂ ਕਰਕੇ www.census.gc.ca 'ਤੇ ਜਾਕੇ ਔਨਲਾਈਨ, ਜਾਂ ਇੱਕ ਕਾਗਜ਼ੀ ਪ੍ਰਸ਼ਨਾਵਲੀ ਭਰ ਕੇ ਅਤੇ ਡਾਕ ਰਾਹੀਂ ਵਾਪਸ ਭੇਜਕੇ ਜਮ੍ਹਾ ਕੀਤੇ ਜਾਣੇ ਚਾਹੀਦੇ ਹਨ। ਜੇਕਰ ਤੁਸੀਂ ਕਾਗਜ਼ੀ ਪ੍ਰਸ਼ਨਾਵਲੀ ਵਿਕਲਪ ਦੀ ਵਰਤੋਂ ਕਰ ਰਹੇ ਹੋ, ਤਾਂ ਕਿਰਪਾ ਕਰਕੇ ਵੱਡੇ ਅੱਖਰਾਂ ਵਿੱਚ ਲਿੱਖੋ।

ਇਸ ਦਸਤਾਵੇਜ਼ ਵਿੱਚ ਹੇਠ ਲਿਖੇ ਦੋ ਭਾਗ ਸ਼ਾਮਲ ਹਨ:

ਭਾਗ 1

ਪਹਿਲੇ ਭਾਗ ਵਿੱਚ 2026 ਦੀ ਜਨਗਣਨਾ ਪ੍ਰਸ਼ਨਾਵਲੀ ਦੇ ਲੰਬੇ-ਫਾਰਮ ਦੇ ਛਾਪੇ ਗਏ ਸੰਸਕਰਣ ਵਿੱਚ ਪੁੱਛੇ ਗਏ ਸਵਾਲ ਸ਼ਾਮਲ ਹਨ। ਸਾਰੀ ਜਾਣਕਾਰੀ *ਸਟੈਟਿਸਟਿਕਸ ਐਕਟ*, RSC 1985, c S-19 ਦੇ ਅਧਿਕਾਰ ਅਧੀਨ ਇਕੱਠੀ ਕੀਤੀ ਜਾਂਦੀ ਹੈ।

ਭਾਗ 2

ਦੂਜੇ ਭਾਗ ਵਿੱਚ ਸਟੈਟਿਸਟਿਕਸ ਕੈਨੇਡਾ ਦੁਆਰਾ ਸਵਾਲ ਪੁੱਛਣ ਦੇ ਕਾਰਨ ਦੱਸੇ ਗਏ ਹਨ ਅਤੇ ਸਵਾਲਾਂ ਦੁਆਰਾ ਪੂਰੀਆਂ ਕੀਤੀਆਂ ਜਾਣ ਵਾਲੀਆਂ ਮਹੱਤਵਪੂਰਨ ਡੇਟਾ ਜ਼ਰੂਰਤਾਂ ਪ੍ਰਦਾਨ ਕੀਤੀਆਂ ਗਈਆਂ ਹਨ।

## ਕੈਨੇਡਾ ਦੇ ਮੁੱਖ ਅੰਕੜਾ ਵਿਗਿਆਨੀ (Chief Statistician) ਦਾ ਸੁਨੇਹਾ

2026 ਦੀ ਜਨਗਣਨਾ ਵਿੱਚ ਹਿੱਸਾ ਲੈਣ ਲਈ ਤੁਹਾਡਾ ਧੰਨਵਾਦ। ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਦੀ ਵਰਤੋਂ ਉਹਨਾਂ ਅੰਕੜਿਆਂ ਨੂੰ ਤਿਆਰ ਕਰਨ ਲਈ ਕੀਤੀ ਜਾਂਦੀ ਹੈ ਜਿਨ੍ਹਾਂ 'ਤੇ ਭਾਈਚਾਰੇ, ਸੰਗਠਨ, ਕਾਰੋਬਾਰ ਅਤੇ ਸਰਕਾਰਾਂ ਸੇਵਾਵਾਂ ਦੀ ਯੋਜਨਾ ਬਣਾਉਣ, ਪ੍ਰੋਗਰਾਮ ਵਿਕਸਤ ਕਰਨ ਅਤੇ ਰੋਜ਼ਗਾਰ, ਬਾਲ ਸੰਭਾਲ, ਸਕੂਲਾਂ, ਸਿਹਤ ਸੰਭਾਲ ਅਤੇ ਹੋਰ ਬਹੁਤ ਕੁਝ ਬਾਰੇ ਸੂਚਿਤ ਫੈਸਲੇ ਲੈਣ ਲਈ ਨਿਰਭਰ ਕਰਦੀਆਂ ਹਨ।

ਤੁਹਾਡੇ ਜਵਾਬ ਸਟੈਟਿਸਟਿਕਸ ਐਕਟ ਦੇ ਅਧਿਕਾਰ ਅਧੀਨ ਇਕੱਠੇ ਕੀਤੇ ਜਾਂਦੇ ਹਨ ਅਤੇ ਪੂਰੀ ਤਰ੍ਹਾਂ ਗੁਪਤ ਰੱਖੇ ਜਾਂਦੇ ਹਨ। ਕਾਨੂੰਨ ਅਨੁਸਾਰ, ਤੁਹਾਡੇ ਪਰਿਵਾਰ ਲਈ 2026 ਦੀ ਆਬਾਦੀ ਦੀ ਜਨਗਣਨਾ ਪ੍ਰਸ਼ਨਾਵਲੀ ਨੂੰ ਪੂਰਾ ਕਰਨਾ ਲਾਜ਼ਮੀ ਹੈ।

ਸਟੈਟਿਸਟਿਕਸ ਕੈਨੇਡਾ ਘਰਾਂ 'ਤੇ ਪੈਣ ਵਾਲੇ ਪ੍ਰਤੀਕਿਰਿਆ ਬੋਝ ਨੂੰ ਘਟਾਉਣ ਲਈ ਜਾਣਕਾਰੀ ਦੇ ਮੌਜੂਦਾ ਸਰੋਤਾਂ, ਜਿਵੇਂ ਕਿ ਇਮੀਗ੍ਰੇਸ਼ਨ, ਇਨਕਮ ਟੈਕਸ ਅਤੇ ਲਾਭ ਲਾਭਾਂ ਸੰਬੰਧੀ ਡੇਟਾ, ਦੀ ਵਰਤੋਂ ਕਰਦਾ ਹੈ।

ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਸਟੈਟਿਸਟਿਕਸ ਕੈਨੇਡਾ ਦੁਆਰਾ ਹੋਰ ਸਾਂਖਿਅਕੀ ਅਤੇ ਖੋਜ ਉਦੇਸ਼ਾਂ ਲਈ ਵਰਤੀ ਜਾ ਸਕਦੀ ਹੈ ਜਾਂ ਹੋਰ ਸਰਵੇਖਣ ਜਾਂ ਪ੍ਰਬੰਧਕੀ ਡੇਟਾ ਸਰੋਤਾਂ ਨਾਲ ਜੋੜੀ ਜਾ ਸਕਦੀ ਹੈ।

ਕੈਨੇਡਾ ਦੀ ਸਾਂਖਿਅਕੀ ਤਸਵੀਰ ਵਿੱਚ ਆਪਣੇ ਆਪ ਨੂੰ ਸ਼ਾਮਲ ਕਰੋ - ਅੱਜ ਹੀ ਆਪਣੀ ਜਨਗਣਨਾ ਪ੍ਰਸ਼ਨਾਵਲੀ ਪੂਰੀ ਕਰੋ।

ਧੰਨਵਾਦ।

ਆਂਦਰੇ ਲੋਰੇਂਜਰ
ਕੈਨੇਡਾ ਦੇ ਮੁੱਖ ਅੰਕੜਾ ਵਿਗਿਆਨੀ

## ਭਾਗ 1
## 2A-R 2026 ਜਨਗਣਨਾ ਸਵਾਲ

### ਕਦਮ A

#### 1. ਤੁਹਾਡਾ ਟੈਲੀਫੋਨ ਨੰਬਰ ਕੀ ਹੈ?

ਲਿਖਣ ਵਾਲਾ ਖੇਤਰ: ਟੈਲੀਫੋਨ ਨੰਬਰ

ਜਵਾਬ ਵਿਕਲਪ: ਕੋਈ ਟੈਲੀਫੋਨ ਨੰਬਰ ਨਹੀਂ

#### 2. ਇਸ ਰਿਹਾਇਸ਼ ਦਾ ਪਤਾ ਕੀ ਹੈ?

ਲਿਖਣ ਵਾਲਾ ਖੇਤਰ: ਨੰਬਰ (ਅਤੇ ਸਫਿਕਸ, ਜੇ ਲਾਗੂ ਹੋਵੇ)

ਉਦਾਹਰਣ ਵਜੋਂ, 302, 151 ਬੀ, 16 1/2

ਲਿਖਣ ਵਾਲਾ ਖੇਤਰ: ਸੜਕ ਦਾ ਨਾਮ, ਸੜਕ ਦੀ ਕਿਸਮ, ਦਿਸ਼ਾ

ਉਦਾਹਰਣ ਵਜੋਂ, DR = "ਡਰਾਈਵ" ਜਾਂ N = "ਉੱਤਰ"

ਲਿਖਣ ਵਾਲਾ ਖੇਤਰ: ਅਪਾਰਟਮੈਂਟ ਜਾਂ ਯੂਨਿਟ

ਲਿਖਣ ਵਾਲਾ ਖੇਤਰ: ਸ਼ਹਿਰ, ਨਗਰਪਾਲਿਕਾ, ਕਸਬਾ, ਪਿੰਡ ਜਾਂ ਫਸਟ ਨੇਸ਼ਨਜ਼ ਰਿਜ਼ਰਵ

ਲਿਖਣ ਵਾਲਾ ਖੇਤਰ: ਸੂਬਾ ਜਾਂ ਪ੍ਰਦੇਸ਼

ਲਿਖਣ ਵਾਲਾ ਖੇਤਰ: ਪੋਸਟਲ ਕੋਡ

#### 3. ਇਸ ਰਿਹਾਇਸ਼ ਦਾ ਡਾਕ ਪਤਾ ਕੀ ਹੈ, ਜੇਕਰ ਉਪਰੋਕਤ ਤੋਂ ਵੱਖਰਾ ਹੈ ਤਾਂ?

ਲਿਖਣ ਵਾਲਾ ਖੇਤਰ: ਡਾਕ ਭੇਜਣ ਦਾ ਪਤਾ
ਉਦਾਹਰਨ ਲਈ, ਰੂਰਲ ਰੂਟ, P.O. ਬਾਕਸ, ਜਨਰਲ ਡਿਲੀਵਰੀ

## ਕਦਮ B

### ਕਦਮ B ਵਿੱਚ ਕਿਸਨੂੰ ਸ਼ਾਮਲ ਕਰਨਾ ਹੈ

- ਉਹ ਸਾਰੇ ਵਿਅਕਤੀ ਜਿਨ੍ਹਾਂ ਦੀ ਮੁੱਖ ਰਿਹਾਇਸ਼ 12 ਮਈ, 2026 ਨੂੰ ਇਸ ਪਤੇ 'ਤੇ ਹੈ, ਜਿਨ੍ਹਾਂ ਵਿੱਚ ਨਵਜੰਮੇ ਬੱਚੇ, ਰੂਮਮੇਟ ਅਤੇ ਅਸਥਾਈ ਤੌਰ 'ਤੇ ਬਾਹਰ ਗਏ ਹੋਏ ਵਿਅਕਤੀ ਸ਼ਾਮਲ ਹਨ।
- ਕਨੇਡੀਅਨ ਨਾਗਰਿਕ, ਲੈਂਡਿਡ ਇੰਮੀਗ੍ਰੇਂਟ (ਸਥਾਈ ਨਿਵਾਸੀ), ਉਹ ਵਿਅਕਤੀ ਜਿਨ੍ਹਾਂ ਨੇ ਸ਼ਰਨਾਰਥੀ ਦਰਜਾ ਪ੍ਰਾਪਤ ਕਰਨ ਲਈ ਦਾਅਵਾ ਕੀਤਾ ਹੈ (ਪਨਾਹ ਮੰਗਣ ਵਾਲੇ), ਕਿਸੇ ਹੋਰ ਦੇਸ਼ ਦੇ ਵਿਅਕਤੀ ਜਿਨ੍ਹਾਂ ਕੋਲ ਵਰਕ ਜਾਂ ਸਟੱਡੀ ਪਰਮਿਟ ਹੈ ਅਤੇ ਉਨ੍ਹਾਂ ਨਾਲ ਇੱਥੇ ਰਹਿ ਰਹੇ ਪਰਿਵਾਰਕ ਮੈਂਬਰ
- 12 ਮਈ, 2026 ਨੂੰ ਇਸ ਪਤੇ 'ਤੇ ਅਸਥਾਈ ਤੌਰ 'ਤੇ ਰਹਿ ਰਹੇ ਵਿਅਕਤੀ ਜਿਨ੍ਹਾਂ ਦੀ ਹੋਰ ਕਿਧਰੇ ਹੋਰ ਕੋਈ ਮੁੱਖ ਰਿਹਾਇਸ਼ ਨਹੀਂ ਹੈ।

### ਇੱਕ ਤੋਂ ਵੱਧ ਰਿਹਾਇਸ਼ਾਂ ਵਾਲੇ ਵਿਅਕਤੀਆਂ ਨੂੰ ਕਿੱਥੇ ਸ਼ਾਮਲ ਕਰਨਾ ਹੈ

- ਸਾਂਝੀ ਕਸਟਡੀ ਵਿੱਚ ਬੱਚਿਆਂ ਨੂੰ ਉਸ ਮਾਤਾ ਜਾਂ ਪਿਤਾ ਦੇ ਘਰ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਜਿੱਥੇ ਉਹ ਜ਼ਿਆਦਾਤਰ ਸਮਾਂ ਰਹਿੰਦੇ ਹਨ। ਹਰੇਕ ਮਾਤਾ ਜਾਂ ਪਿਤਾ ਨਾਲ ਬਰਾਬਰ ਸਮਾਂ ਬਿਤਾਉਣ ਵਾਲੇ ਬੱਚਿਆਂ ਨੂੰ ਉਸ ਮਾਤਾ ਜਾਂ ਪਿਤਾ ਦੇ ਘਰ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਉਹ 12 ਮਈ, 2026 ਨੂੰ ਰਹਿ ਰਹੇ ਹਨ।
- ਸਾਲ ਦੇ ਦੌਰਾਨ ਆਪਣੇ ਮਾਤਾ-ਪਿਤਾ ਨਾਲ ਰਹਿਣ ਲਈ ਵਾਪਸ ਆਉਣ ਵਾਲੇ ਜਿਹੜੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮਾਤਾ-ਪਿਤਾ ਦੇ ਪਤੇ 'ਤੇ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ, ਭਾਵੇਂ ਉਹ ਸਕੂਲ ਜਾਂਦੇ ਸਮੇਂ ਜਾਂ ਗਰਮੀਆਂ ਦੀ ਨੌਕਰੀ ਕਰਦੇ ਸਮੇਂ ਕਿਤੇ ਹੋਰ ਰਹਿੰਦੇ ਹੋਣ।
- ਅਸਥਾਈ ਤੌਰ 'ਤੇ ਦੂਰ ਰਹਿਣ ਵਾਲੇ ਪਤੀ/ਪਤਨੀ ਜਾਂ ਕਾਮਨ-ਲਾਅ ਸਾਥੀ, ਜੋ ਕੰਮ ਕਰਦੇ ਜਾਂ ਪੜ੍ਹਾਈ ਕਰਦੇ ਸਮੇਂ ਕਿਤੇ ਹੋਰ ਰਹਿੰਦੇ ਹਨ, ਨੂੰ ਉਨ੍ਹਾਂ ਦੇ ਪਰਿਵਾਰ ਦੀ ਮੁੱਖ ਰਿਹਾਇਸ਼ 'ਤੇ ਸੂਚੀਬੱਧ ਕੀਤੇ ਜਾਣਾ ਚਾਹੀਦਾ ਹੈ, ਜੇਕਰ ਉਹ ਸਮੇਂ-ਸਮੇਂ 'ਤੇ ਵਾਪਸ ਆਉਂਦੇ ਹਨ।
- ਛੇ ਮਹੀਨਿਆਂ ਤੋਂ ਘੱਟ ਸਮੇਂ ਲਈ ਕਿਸੇ ਸੰਸਥਾ ਵਿੱਚ ਰਹਿਣ ਵਾਲੇ ਵਿਅਕਤੀਆਂ (ਉਦਾਹਰਣ ਵਜੋਂ, ਬਜ਼ੁਰਗਾਂ ਲਈ ਘਰ, ਹਸਪਤਾਲ ਜਾਂ ਜੇਲ੍ਹ ਵਿੱਚ) ਨੂੰ ਉਨ੍ਹਾਂ ਦੀ ਆਮ ਰਿਹਾਇਸ਼ 'ਤੇ ਸੂਚੀਬੱਧ ਕੀਤਾ ਜਾਣਾ ਚਾਹੀਦਾ ਹੈ।

### 1. ਤੁਹਾਡੇ ਸਮੇਤ, 12 ਮਈ, 2026 ਨੂੰ ਇਸ ਪਤੇ 'ਤੇ ਆਮ ਤੌਰ 'ਤੇ ਕਿੰਨੇ ਵਿਅਕਤੀ ਰਹਿੰਦੇ ਹਨ?

ਉਹਨਾਂ ਸਾਰੇ ਵਿਅਕਤੀਆਂ ਨੂੰ ਸ਼ਾਮਲ ਕਰੋ ਜਿਨ੍ਹਾਂ ਦੀ ਮੁੱਖ ਰਿਹਾਇਸ਼ ਇਸ ਪਤੇ 'ਤੇ ਹੈ, ਭਾਵੇਂ ਉਹ ਅਸਥਾਈ ਤੌਰ 'ਤੇ ਬਾਹਰ ਗਏ ਹੋਏ ਹਨ।

ਲਿਖਣ ਵਾਲਾ ਖੇਤਰ: ਵਿਅਕਤੀਆਂ ਦੀ ਗਿਣਤੀ

## 2. ਆਪਣੇ ਆਪ ਸਮੇਤ, 12 ਮਈ, 2026 ਨੂੰ ਉਹਨਾਂ ਸਾਰੇ ਵਿਅਕਤੀਆਂ ਦੀ ਸੂਚੀ ਬਣਾਓ ਜੋ ਆਮ ਤੌਰ 'ਤੇ ਇੱਥੇ ਰਹਿੰਦੇ ਹਨ।

ਮਹੱਤਵਪੂਰਨ: ਸੂਚੀ ਨੂੰ ਇੱਕ ਬਾਲਗ ਨਾਲ ਸ਼ੁਰੂ ਕਰੋ, ਉਸ ਤੋਂ ਬਾਅਦ, ਜੇਕਰ ਲਾਗੂ ਹੋਵੇ, ਤਾਂ ਉਸ ਵਿਅਕਤੀ ਦੇ ਪਤੀ/ਪਤਨੀ ਜਾਂ ਕਾਮਨ-ਲਾਅ ਸਾਥੀ ਅਤੇ ਉਨ੍ਹਾਂ ਦੇ ਬੱਚਿਆਂ ਦੇ ਨਾਮ ਲਿੱਖੋ। ਆਮ ਤੌਰ 'ਤੇ ਇਸ ਪਤੇ 'ਤੇ ਰਹਿਣ ਵਾਲੇ ਹੋਰ ਸਾਰੇ ਵਿਅਕਤੀਆਂ ਨਾਲ ਜਾਰੀ ਰੱਖੋ।

ਲਿਖਣ ਵਾਲਾ ਖੇਤਰ: ਵਿਅਕਤੀ 1: ਪਰਿਵਾਰਕ ਨਾਮ, ਦਿੱਤਾ ਗਿਆ/ਗਏ ਨਾਮ

ਲਿਖਣ ਵਾਲਾ ਖੇਤਰ: ਵਿਅਕਤੀ 2: ਪਰਿਵਾਰਕ ਨਾਮ, ਦਿੱਤਾ ਗਿਆ/ਗਏ ਨਾਮ

ਲਿਖਣ ਵਾਲਾ ਖੇਤਰ: ਵਿਅਕਤੀ 3: ਪਰਿਵਾਰਕ ਨਾਮ, ਦਿੱਤਾ ਗਿਆ/ਗਏ ਨਾਮ

ਲਿਖਣ ਵਾਲਾ ਖੇਤਰ: ਵਿਅਕਤੀ 4: ਪਰਿਵਾਰਕ ਨਾਮ, ਦਿੱਤਾ ਗਿਆ/ਗਏ ਨਾਮ

ਲਿਖਣ ਵਾਲਾ ਖੇਤਰ: ਵਿਅਕਤੀ 5: ਪਰਿਵਾਰਕ ਨਾਮ, ਦਿੱਤਾ ਗਿਆ/ਗਏ ਨਾਮ

ਲਿਖਣ ਵਾਲਾ ਖੇਤਰ: ਵਿਅਕਤੀ 6: ਪਰਿਵਾਰਕ ਨਾਮ, ਦਿੱਤਾ ਗਿਆ/ਗਏ ਨਾਮ

ਲਿਖਣ ਵਾਲਾ ਖੇਤਰ: ਵਿਅਕਤੀ 7: ਪਰਿਵਾਰਕ ਨਾਮ, ਦਿੱਤਾ ਗਿਆ/ਗਏ ਨਾਮ

ਲਿਖਣ ਵਾਲਾ ਖੇਤਰ: ਵਿਅਕਤੀ 8: ਪਰਿਵਾਰਕ ਨਾਮ, ਦਿੱਤਾ ਗਿਆ/ਗਏ ਨਾਮ

ਲਿਖਣ ਵਾਲਾ ਖੇਤਰ: ਵਿਅਕਤੀ 9: ਪਰਿਵਾਰਕ ਨਾਮ, ਦਿੱਤਾ ਗਿਆ/ਗਏ ਨਾਮ

ਲਿਖਣ ਵਾਲਾ ਖੇਤਰ: ਵਿਅਕਤੀ 10: ਪਰਿਵਾਰਕ ਨਾਮ, ਦਿੱਤਾ ਗਿਆ/ਗਏ ਨਾਮ

## ਕਦਮ C

### ਕੀ ਤੁਸੀਂ ਕਿਸੇ ਨੂੰ ਵੀ ਕਦਮ B ਵਿੱਚੋਂ ਬਾਹਰ ਰੱਖਿਆ ਕਿਉਂਕਿ ਤੁਹਾਨੂੰ ਯਕੀਨ ਨਹੀਂ ਸੀ ਕਿ ਉਸ ਵਿਅਕਤੀ ਨੂੰ ਸੂਚੀਬੱਧ ਕੀਤਾ ਜਾਣਾ ਚਾਹੀਦਾ ਹੈ?

ਉਦਾਹਰਨ ਲਈ, ਇੱਕ ਵਿਦਿਆਰਥੀ, ਸਾਂਝੀ ਕਸਟਡੀ ਵਿੱਚ ਬੱਚਾ, ਅਸਥਾਈ ਤੌਰ 'ਤੇ ਬਾਹਰ ਗਿਆ ਹੋਇਆ ਵਿਅਕਤੀ, ਅਸਥਾਈ ਤੌਰ 'ਤੇ ਇੱਥੇ ਰਹਿਣ ਵਾਲਾ ਵਿਅਕਤੀ, ਕਿਸੇ ਹੋਰ ਦੇਸ਼ ਦਾ ਵਰਕ ਜਾਂ ਸਟੱਡੀ ਪਰਮਿਟ ਵਾਲਾ ਨਿਵਾਸੀ, ਸ਼ਰਨਾਰਥੀ ਦਾਅਵੇਦਾਰ, ਆਦਿ।

ਜਵਾਬ ਵਿਕਲਪ 1: ਨਹੀਂ

ਜਵਾਬ ਵਿਕਲਪ 2: ਹਾਂ → ਇਸ ਵਿਅਕਤੀ ਨੂੰ ਸੂਚੀਬੱਧ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ, ਇਹ ਨਿਰਧਾਰਤ ਕਰਨ ਲਈ ਕਿਰਪਾ ਕਰਕੇ ਪੰਨਾ 3 'ਤੇ ਦਿੱਤੀਆਂ ਹਦਾਇਤਾਂ ਵੇਖੋ। ਜੇਕਰ ਉਹਨਾਂ ਨੂੰ ਸੂਚੀਬੱਧ ਕੀਤਾ ਜਾਣਾ ਚਾਹੀਦਾ ਹੈ, ਤਾਂ ਕਿਰਪਾ ਕਰਕੇ ਉਹਨਾਂ ਨੂੰ ਕਦਮ B ਵਿੱਚ ਸ਼ਾਮਲ ਕਰੋ।

## ਕਦਮ D

ਕਦਮ B ਵਿੱਚ ਦਿੱਤੇ ਨਾਵਾਂ ਨੂੰ ਪੰਨਾ 4 ਦੇ ਸਿਖਰ 'ਤੇ ਪ੍ਰਸ਼ਨ 1 ਵਿੱਚ ਕਾਪੀ ਕਰੋ। (ਇਹ ਹਵਾਲਾ ਸਿਰਫ਼ ਕਾਗਜ਼ੀ ਪ੍ਰਸ਼ਨਾਵਲੀ 'ਤੇ ਲਾਗੂ ਹੁੰਦਾ ਹੈ)

ਉਹੀ ਕ੍ਰਮ ਰੱਖੋ।

ਜੇਕਰ ਇਸ ਘਰ ਵਿੱਚ ਪੰਜ ਤੋਂ ਵੱਧ ਵਿਅਕਤੀ ਹਨ, ਤਾਂ ਇਸ ਪ੍ਰਸ਼ਨਾਵਲੀ 'ਤੇ ਪਹਿਲੇ ਪੰਜ ਦਰਜ ਕਰੋ ਅਤੇ ਦੂਜੀ ਪ੍ਰਸ਼ਨਾਵਲੀ 'ਤੇ ਜਾਰੀ ਰੱਖੋ। ਦੂਜੀ ਪ੍ਰਸ਼ਨਾਵਲੀ ਵਿੱਚ "ਵਿਅਕਤੀ 3" ਚਿੰਨ੍ਹਿਤ ਕਾਲਮ ਵਿੱਚ

ਛੇਵੇਂ ਵਿਅਕਤੀ ਨੂੰ ਸੂਚੀਬੱਧ ਕਰੋ। ਜੇਕਰ ਤੁਹਾਨੂੰ ਇੱਕ ਵਾਧੂ ਪ੍ਰਸ਼ਨਾਵਲੀ ਦੀ ਲੋੜ ਹੈ, ਤਾਂ ਜਨਗਣਨਾ ਪ੍ਰਤੀਨਿਧੀ ਵਾਪਸ ਆਉਣ ਤੇ ਤੁਹਾਨੂੰ ਪ੍ਰਸ਼ਨਾਵਲੀ ਦੇ ਸਕਦੇ ਹਨ।

### ਜੇਕਰ ਇਹ ਪਤਾ:

ਜਵਾਬ ਵਿਕਲਪ 1: 12 ਮਈ, 2026 ਨੂੰ ਇੱਥੇ ਰਹਿਣ ਵਾਲੇ ਸਾਰੇ ਵਿਅਕਤੀਆਂ ਲਈ ਇੱਕ ਸੈਕੰਡਰੀ ਰਿਹਾਇਸ਼ (ਉਦਾਹਰਣ ਵਜੋਂ, ਇੱਕ ਕੌਂਟੇਜ) ਹੈ (ਇਨ੍ਹਾਂ ਸਾਰੇ ਵਿਅਕਤੀਆਂ ਦੀ ਮੁੱਖ ਰਿਹਾਇਸ਼ ਕੈਨੇਡਾ ਵਿੱਚ ਕਿਤੇ ਹੋਰ ਹੈ), ਤਾਂ ਇਸ ਵਿਕਲਪ ਦੀ ਚੋਣ ਕਰੋ। ਹੋਰ ਸਵਾਲਾਂ ਦੇ ਜਵਾਬ ਨਾ ਦਿਓ।

ਜਵਾਬ ਵਿਕਲਪ 2: ਸਿਰਫ਼ ਕੈਨੇਡਾ ਆਉਣ ਵਾਲੇ ਕਿਸੇ ਹੋਰ ਦੇਸ਼ ਦੇ ਨਿਵਾਸੀਆਂ (ਉਦਾਹਰਣ ਵਜੋਂ, ਛੁੱਟੀਆਂ 'ਤੇ ਜਾਂ ਕਾਰੋਬਾਰੀ ਯਾਤਰਾ 'ਤੇ) ਦੇ ਰਹਿਣ ਲਈ ਵਰਤੀ ਜਾਣ ਵਾਲੀ ਰਿਹਾਇਸ਼ ਹੈ, ਤਾਂ ਇਸ ਵਿਕਲਪ ਦੀ ਚੋਣ ਕਰੋ। ਹੋਰ ਸਵਾਲਾਂ ਦੇ ਜਵਾਬ ਨਾ ਦਿਓ।

ਜਵਾਬ ਵਿਕਲਪ 3: ਕਿਸੇ ਹੋਰ ਦੇਸ਼ ਦੇ ਸਰਕਾਰੀ ਪ੍ਰਤੀਨਿਧੀ ਅਤੇ ਪਰਿਵਾਰਕ ਮੈਂਬਰਾਂ ਦਾ ਘਰ ਹੈ (ਉਦਾਹਰਣ ਵਜੋਂ, ਇੱਕ ਦੂਤਾਵਾਸ ਜਾਂ ਹਾਈ ਕਮਿਸ਼ਨ), ਤਾਂ ਇਸ ਵਿਕਲਪ ਦੀ ਚੋਣ ਕਰੋ। ਹੋਰ ਸਵਾਲਾਂ ਦੇ ਜਵਾਬ ਨਾ ਦਿਓ।

ਇੱਕ ਜਨਗਣਨਾ ਪ੍ਰਤੀਨਿਧੀ ਪੂਰੀ ਕੀਤੀ ਗਈ ਪ੍ਰਸ਼ਨਾਵਲੀ ਲੈਣ ਲਈ ਵਾਪਸ ਆਵੇਗਾ।

## ਜਨਸੰਖਿਆ ਸੰਬੰਧੀ ਜਾਣਕਾਰੀ

### 1. ਨਾਮ (ਸਿਰਫ਼ ਕਾਗਜ਼ੀ ਪ੍ਰਸ਼ਨਾਵਲੀ 'ਤੇ ਲਾਗੂ ਹੁੰਦਾ ਹੈ)

ਦਿੱਤੀਆਂ ਗਈਆਂ ਥਾਵਾਂ ਵਿੱਚ, ਕਦਮ B ਵਿੱਚ ਦਿੱਤੇ ਗਏ ਕ੍ਰਮ ਵਿੱਚ ਨਾਵਾਂ ਨੂੰ ਕਾਪੀ ਕਰੋ। ਫਿਰ ਹਰੇਕ ਵਿਅਕਤੀ ਲਈ ਹੇਠਾਂ ਦਿੱਤੇ ਸਵਾਲਾਂ ਦੇ ਜਵਾਬ ਦਿਓ।

ਲਿਖਣ ਵਾਲਾ ਖੇਤਰ: ਪਰਿਵਾਰਕ ਨਾਮ

ਲਿਖਣ ਵਾਲਾ ਖੇਤਰ: ਦਿੱਤਾ ਗਿਆ ਨਾਮ

ਹੇਠਾਂ ਦਿੱਤੇ ਸਵਾਲ 12 ਮਈ, 2026 ਨੂੰ ਹਰੇਕ ਵਿਅਕਤੀ ਦੀ ਸਥਿਤੀ ਦਾ ਹਵਾਲਾ ਦਿੰਦੇ ਹਨ, ਜਦੋਂ ਤੱਕ ਕਿ ਕੁਝ ਹੋਰ ਸਪੱਸ਼ਟ ਨਾ ਕੀਤਾ ਗਿਆ ਹੋਵੇ।

### 2. ਇਸ ਵਿਅਕਤੀ ਦੀ ਜਨਮ ਮਿਤੀ ਅਤੇ ਉਮਰ ਕੀ ਹੈ?

ਜੇਕਰ ਜਨਮ ਮਿਤੀ ਦਾ ਸਹੀ ਪਤਾ ਨਹੀਂ ਹੈ, ਤਾਂ ਸਭ ਤੋਂ ਵਧੀਆ ਅਨੁਮਾਨ ਦਰਜ ਕਰੋ। 1 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ, ਉਮਰ ਲਈ 0 ਦਰਜ ਕਰੋ।

ਲਿਖਣ ਵਾਲਾ ਖੇਤਰ: ਦਿਨ

ਲਿਖਣ ਵਾਲਾ ਖੇਤਰ: ਮਹੀਨਾ

ਲਿਖਣ ਵਾਲਾ ਖੇਤਰ: ਸਾਲ

ਲਿਖਣ ਵਾਲਾ ਖੇਤਰ: ਉਮਰ

### 3. ਇਸ ਵਿਅਕਤੀ ਦਾ ਲਿੰਗ ਕੀ ਹੈ?

ਲਿੰਗ ਆਦਮੀ (ਜਾਂ ਮੁੰਡਾ), ਔਰਤ (ਜਾਂ ਕੁੜੀ) ਦੀ ਤਰ੍ਹਾਂ ਵਿਅਕਤੀ ਦੀ ਨਿੱਜੀ ਅਤੇ ਸਮਾਜਿਕ ਪਛਾਣ ਦਾ ਹਵਾਲਾ ਦਿੰਦਾ ਹੈ ਜਾਂ ਅਜਿਹਾ ਵਿਅਕਤੀ ਜੋ ਸਿਰਫ਼ ਆਦਮੀ (ਜਾਂ ਮੁੰਡਾ) ਜਾਂ ਔਰਤ (ਜਾਂ ਕੁੜੀ) ਨਹੀਂ ਹੈ, ਉਦਾਹਰਣ ਵਜੋਂ, ਨੌਨ-ਬਾਈਨਰੀ, ਏਜੰਡਰ, ਜੈਂਡਰ ਫਲੂਇਡ, ਕਵੀਅਰ ਜਾਂ ਟੂ-ਸਪਿਰਿਟ।

ਜਵਾਬ ਵਿਕਲਪ 1: ਆਦਮੀ (ਜਾਂ ਮੁੰਡਾ)

ਜਵਾਬ ਵਿਕਲਪ 2: ਔਰਤ (ਜਾਂ ਕੁੜੀ)

ਲਿਖਣ ਵਾਲਾ ਖੇਤਰ:  ਜਾਂ ਕਿਰਪਾ ਕਰਕੇ ਇਸ ਵਿਅਕਤੀ ਦਾ ਲਿੰਗ ਦੱਸੋ

### 4. ਜਨਮ ਸਮੇਂ ਇਸ ਵਿਅਕਤੀ ਦਾ ਲਿੰਗ ਕੀ ਸੀ?

ਜਨਮ ਸਮੇਂ ਲਿੰਗ ਕਿਸੇ ਵਿਅਕਤੀ ਦੇ ਪਹਿਲੇ ਜਨਮ ਸਰਟੀਫਿਕੇਟ 'ਤੇ ਦਰਜ ਲਿੰਗ ਦਾ ਹਵਾਲਾ ਦਿੰਦਾ ਹੈ। ਇਹ ਆਮ ਤੌਰ 'ਤੇ ਕਿਸੇ ਵਿਅਕਤੀ ਦੀ ਪ੍ਰਜਨਨ ਪ੍ਰਣਾਲੀ ਅਤੇ ਹੋਰ ਸਰੀਰਕ ਵਿਸ਼ੇਸ਼ਤਾਵਾਂ ਦੇ ਅਧਾਰ ਤੇ ਦੇਖਿਆ ਜਾਂਦਾ ਹੈ।

ਜਵਾਬ ਵਿਕਲਪ 1: ਆਦਮੀ

ਜਵਾਬ ਵਿਕਲਪ 2: ਔਰਤ

### 5. ਇਸ ਵਿਅਕਤੀ ਦਾ ਵਿਅਕਤੀ 1 ਨਾਲ ਕੀ ਰਿਸ਼ਤਾ ਹੈ?

ਕਾਮਨ-ਲਾਅ ਅਜਿਹੇ ਦੋ ਲੋਕਾਂ ਦਾ ਹਵਾਲਾ ਦਿੰਦਾ ਹੈ ਜੋ ਇੱਕ ਜੋੜੇ ਵਜੋਂ ਇਕੱਠੇ ਰਹਿੰਦੇ ਹਨ ਅਤੇ ਜੋ ਵਿਆਹੇ ਨਹੀਂ ਹਨ, ਭਾਵੇਂ ਰਿਸ਼ਤੇ ਦੀ ਮਿਆਦ ਕਿੰਨੀ ਵੀ ਹੋਵੇ।

ਵਿਅਕਤੀ 1

ਵਿਅਕਤੀ 1 ਲਈ ਕੋਈ ਜਵਾਬ ਲੋੜੀਂਦਾ ਨਹੀਂ ਹੈ

ਵਿਅਕਤੀ 2

ਜਵਾਬ ਵਿਕਲਪ 1: ਵਿਅਕਤੀ 1 ਦਾ ਵਿਆਹੁਤਾ ਪਤੀ/ਪਤਨੀ

ਜਵਾਬ ਵਿਕਲਪ 2: ਵਿਅਕਤੀ 1 ਦਾ ਕਾਮਨ-ਲਾਅ ਪਾਰਟਨਰ

ਜਵਾਬ ਵਿਕਲਪ 3: ਵਿਅਕਤੀ 1 ਅਤੇ ਇਸ ਪਤੇ 'ਤੇ ਰਹਿਣ ਵਾਲੇ ਕਿਸੇ ਹੋਰ ਵਿਅਕਤੀ ਦਾ ਬੱਚਾ

ਜਵਾਬ ਵਿਕਲਪ 4: ਸਿਰਫ਼ ਵਿਅਕਤੀ 1 ਦਾ ਬੱਚਾ (ਜੇਕਰ ਇਸ ਵਿਅਕਤੀ ਦਾ ਕੋਈ ਹੋਰ ਕਾਨੂੰਨੀ ਮਾਤਾ ਜਾਂ ਪਿਤਾ ਇਸ ਪਤੇ 'ਤੇ ਨਹੀਂ ਰਹਿੰਦਾ ਹੈ ਤਾਂ ਨਿਸ਼ਾਨ ਲਗਾਓ)

ਜਵਾਬ ਵਿਕਲਪ 5: ਵਿਅਕਤੀ 1 ਦੀ ਸੌਤੇਲੀ ਸੰਤਾਨ

ਜਵਾਬ ਵਿਕਲਪ 6: ਵਿਅਕਤੀ 1 ਦੀ ਮਾਤਾ ਜਾਂ ਪਿਤਾ

ਜਵਾਬ ਵਿਕਲਪ 7: ਵਿਅਕਤੀ 1 ਦਾ ਪੋਤਾ-ਪੋਤੀ/ਦੋਹਤਾ-ਦੋਹਤੀ

ਜਵਾਬ ਵਿਕਲਪ 8: ਵਿਅਕਤੀ 1 ਦੇ ਬੱਚੇ ਦਾ ਪਤੀ/ਪਤਨੀ ਜਾਂ ਸਾਥੀ

ਜਵਾਬ ਵਿਕਲਪ 9: ਵਿਅਕਤੀ 1 ਦਾ ਪਤੀ/ਪਤਨੀ ਜਾਂ ਸਾਥੀ ਦੀ ਮਾਤਾ ਜਾਂ ਪਿਤਾ

ਜਵਾਬ ਵਿਕਲਪ 10: ਵਿਅਕਤੀ 1 ਦਾ ਭਰਾ-ਭੈਣ

ਜਵਾਬ ਵਿਕਲਪ 11: ਵਿਅਕਤੀ 1 ਦਾ ਫੌਸਟਰ (Foster) ਬੱਚਾ

ਜਵਾਬ ਵਿਕਲਪ 12: ਵਿਅਕਤੀ 1 ਦਾ ਰੂਮਮੇਟ, ਕਿਰਾਏਦਾਰ ਜਾਂ ਬੋਰਡਰ

ਲਿਖਣ ਵਾਲਾ ਖੇਤਰ: ਹੋਰ ਰਿਸ਼ਤਾ - ਦੱਸੋ

ਉਦਾਹਰਨ ਲਈ, ਸਾਬਕਾ ਪਤੀ/ਪਤਨੀ ਜਾਂ ਸਾਬਕਾ ਸਾਥੀ

ਵਿਅਕਤੀ 3-5

ਜਵਾਬ ਵਿਕਲਪ 1: ਵਿਅਕਤੀ 1 ਦਾ ਵਿਆਹੁਤਾ ਪਤੀ/ਪਤਨੀ

ਜਵਾਬ ਵਿਕਲਪ 2: ਵਿਅਕਤੀ 1 ਦਾ ਕਾਮਨ-ਲਾਅ ਪਾਰਟਨਰ

ਜਵਾਬ ਵਿਕਲਪ 3: ਵਿਅਕਤੀ 1 ਅਤੇ ਵਿਅਕਤੀ 2 ਦਾ ਬੱਚਾ

ਜਵਾਬ ਵਿਕਲਪ 4: ਵਿਅਕਤੀ 1 ਅਤੇ ਇਸ ਪਤੇ 'ਤੇ ਰਹਿਣ ਵਾਲੇ ਕਿਸੇ ਹੋਰ ਵਿਅਕਤੀ ਦਾ ਬੱਚਾ

ਜਵਾਬ ਵਿਕਲਪ 5: ਸਿਰਫ਼ ਵਿਅਕਤੀ 1 ਦਾ ਬੱਚਾ (ਜੇਕਰ ਇਸ ਵਿਅਕਤੀ ਦਾ ਕੋਈ ਹੋਰ ਕਾਨੂੰਨੀ ਮਾਤਾ ਜਾਂ ਪਿਤਾ ਇਸ ਪਤੇ 'ਤੇ ਨਹੀਂ ਰਹਿੰਦਾ ਹੈ ਤਾਂ ਨਿਸ਼ਾਨ ਲਗਾਓ)

ਜਵਾਬ ਵਿਕਲਪ 6: ਵਿਅਕਤੀ 1 ਦੀ ਸੌਤੇਲੀ ਸੰਤਾਨ

ਜਵਾਬ ਵਿਕਲਪ 7: ਵਿਅਕਤੀ 1 ਦੀ ਮਾਤਾ ਜਾਂ ਪਿਤਾ

ਜਵਾਬ ਵਿਕਲਪ 8: ਵਿਅਕਤੀ 1 ਦਾ ਪੋਤਾ-ਪੋਤੀ/ਦੋਹਤਾ-ਦੋਹਤੀ

ਜਵਾਬ ਵਿਕਲਪ 9: ਵਿਅਕਤੀ 1 ਦੇ ਬੱਚੇ ਦਾ ਪਤੀ/ਪਤਨੀ ਜਾਂ ਸਾਥੀ

ਜਵਾਬ ਵਿਕਲਪ 10: ਵਿਅਕਤੀ 1 ਦਾ ਪਤੀ/ਪਤਨੀ ਜਾਂ ਸਾਥੀ ਦੀ ਮਾਤਾ ਜਾਂ ਪਿਤਾ

ਜਵਾਬ ਵਿਕਲਪ 11: ਵਿਅਕਤੀ 1 ਦਾ ਭਰਾ-ਭੈਣ

ਜਵਾਬ ਵਿਕਲਪ 12: ਵਿਅਕਤੀ 1 ਦਾ ਫੌਸਟਰ (Foster) ਬੱਚਾ

ਜਵਾਬ ਵਿਕਲਪ 13: ਵਿਅਕਤੀ 1 ਦਾ ਰੂਮਮੇਟ, ਕਿਰਾਏਦਾਰ ਜਾਂ ਬੋਰਡਰ

ਲਿਖਣ ਵਾਲਾ ਖੇਤਰ: ਹੋਰ ਰਿਸ਼ਤਾ - ਦੱਸੋ

ਉਦਾਹਰਨ ਲਈ, ਸਾਬਕਾ ਪਤੀ/ਪਤਨੀ ਜਾਂ ਸਾਬਕਾ ਸਾਥੀ

ਸਵਾਲ 6 ਅਤੇ 7 ਸਿਰਫ਼ 15 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਵਿਅਕਤੀਆਂ (12 ਮਈ, 2011 ਤੋਂ ਪਹਿਲਾਂ ਜਨਮੇ) ਲਈ ਪੁੱਛੇ ਜਾਂਦੇ ਹਨ।

### 6. ਇਸ ਵਿਅਕਤੀ ਦੀ ਵਿਆਹੁਤਾ ਸਥਿਤੀ ਕੀ ਹੈ?

ਸਿਰਫ਼ ਇੱਕ ਵਿਕਲਪ ਦੱਸੋ।

ਜਵਾਬ ਵਿਕਲਪ 1: ਕਦੇ ਕਾਨੂੰਨੀ ਤੌਰ 'ਤੇ ਵਿਆਹ ਨਹੀਂ ਕੀਤਾ

ਜਵਾਬ ਵਿਕਲਪ 2: ਕਾਨੂੰਨੀ ਤੌਰ 'ਤੇ ਵਿਆਹਿਆ ਹੋਇਆ (ਅਤੇ ਵੱਖ ਨਹੀਂ ਹੋਇਆ)

ਜਵਾਬ ਵਿਕਲਪ 3: ਵੱਖ ਹੋਏ, ਪਰ ਫਿਰ ਵੀ ਕਾਨੂੰਨੀ ਤੌਰ 'ਤੇ ਵਿਆਹੇ ਹੋਏ

ਜਵਾਬ ਵਿਕਲਪ 4: ਤਲਾਕਸ਼ੁਦਾ

ਜਵਾਬ ਵਿਕਲਪ 5: ਵਿਧਵਾ/ਵਿਧੁਰ

### 7. ਕੀ ਇਹ ਵਿਅਕਤੀ ਕਿਸੇ ਕਾਮਨ-ਲਾਅ ਪਾਰਟਨਰ ਨਾਲ ਰਹਿ ਰਿਹਾ ਹੈ?

ਕਾਮਨ-ਲਾਅ ਅਜਿਹੇ ਦੋ ਲੋਕਾਂ ਦਾ ਹਵਾਲਾ ਦਿੰਦਾ ਹੈ ਜੋ ਇੱਕ ਜੋੜੇ ਵਜੋਂ ਇਕੱਠੇ ਰਹਿੰਦੇ ਹਨ ਪਰ ਜੋ ਵਿਆਹੇ ਨਹੀਂ ਹਨ, ਭਾਵੇਂ ਰਿਸ਼ਤੇ ਦੀ ਮਿਆਦ ਕਿੰਨੀ ਵੀ ਹੋਵੇ।

ਜਵਾਬ ਵਿਕਲਪ 1: ਹਾਂ

ਜਵਾਬ ਵਿਕਲਪ 2: ਨਹੀਂ

8. ਕੀ ਇਹ ਵਿਅਕਤੀ ਗੱਲਬਾਤ ਕਰਨ ਲਈ ਅੰਗਰੇਜ਼ੀ ਜਾਂ ਫ੍ਰੈਂਚ ਚੰਗੀ ਤਰ੍ਹਾਂ ਬੋਲ ਸਕਦਾ ਹੈ?

ਸਿਰਫ਼ ਇੱਕ ਵਿਕਲਪ ਦੱਸੋ।

ਜਵਾਬ ਵਿਕਲਪ 1: ਸਿਰਫ਼ ਅੰਗਰੇਜ਼ੀ

ਜਵਾਬ ਵਿਕਲਪ 2: ਸਿਰਫ਼ ਫ੍ਰੈਂਚ

ਜਵਾਬ ਵਿਕਲਪ 3: ਅੰਗਰੇਜ਼ੀ ਅਤੇ ਫ੍ਰੈਂਚ ਦੋਵੇਂ

ਜਵਾਬ ਵਿਕਲਪ 4: ਨਾ ਤਾਂ ਅੰਗਰੇਜ਼ੀ ਅਤੇ ਨਾ ਹੀ ਫ੍ਰੈਂਚ

9. a) ਇਹ ਵਿਅਕਤੀ ਘਰ ਵਿੱਚ ਨਿਯਮਿਤ ਤੌਰ 'ਤੇ ਕਿਹੜੀ ਭਾਸ਼ਾ(ਭਾਸ਼ਾਵਾਂ) ਬੋਲਦਾ ਹੈ?

ਜਵਾਬ ਵਿਕਲਪ 1: ਅੰਗਰੇਜ਼ੀ

ਜਵਾਬ ਵਿਕਲਪ 2: ਫ੍ਰੈਂਚ

ਲਿਖਣ ਵਾਲਾ ਖੇਤਰ: ਹੋਰ ਭਾਸ਼ਾ (ਭਾਸ਼ਾਵਾਂ)—ਦੱਸੋ

ਜੇਕਰ ਇਹ ਵਿਅਕਤੀ ਪ੍ਰਸ਼ਨ 9. a) ਵਿੱਚ ਸਿਰਫ਼ ਇੱਕ ਭਾਸ਼ਾ ਦੱਸਦਾ ਹੈ, ਤਾਂ ਪ੍ਰਸ਼ਨ 10 'ਤੇ ਜਾਓ।

9. b) ਇਹਨਾਂ ਭਾਸ਼ਾਵਾਂ ਵਿੱਚੋਂ, ਇਹ ਵਿਅਕਤੀ ਘਰ ਵਿੱਚ ਕਿਹੜੀ ਭਾਸ਼ਾ ਸਭ ਤੋਂ ਵੱਧ ਬੋਲਦਾ ਹੈ?

ਇੱਕ ਤੋਂ ਵੱਧ ਭਾਸ਼ਾਵਾਂ ਤਾਂ ਹੀ ਦੱਸੋ ਜੇਕਰ ਉਹ ਘਰ ਵਿੱਚ ਬਰਾਬਰ ਬੋਲੀਆਂ ਜਾਂਦੀਆਂ ਹਨ।

ਜਵਾਬ ਵਿਕਲਪ 1: ਅੰਗਰੇਜ਼ੀ

ਜਵਾਬ ਵਿਕਲਪ 2: ਫ੍ਰੈਂਚ

ਲਿਖਣ ਵਾਲਾ ਖੇਤਰ: ਹੋਰ ਭਾਸ਼ਾ - ਦੱਸੋ

10. ਇਸ ਵਿਅਕਤੀ ਨੇ ਬਚਪਨ ਵਿੱਚ ਘਰ ਵਿੱਚ ਕਿਹੜੀ ਭਾਸ਼ਾ ਸਿੱਖੀ ਸੀ ਅਤੇ ਅਜੇ ਵੀ ਸਮਝਦਾ ਹੈ?

ਜੇਕਰ ਵਿਅਕਤੀ ਹੁਣ ਸਿੱਖੀ ਗਈ ਪਹਿਲੀ ਭਾਸ਼ਾ ਨੂੰ ਨਹੀਂ ਸਮਝਦਾ, ਤਾਂ ਸਿੱਖੀ ਗਈ ਦੂਜੀ ਭਾਸ਼ਾ ਦੱਸੋ।

ਜਵਾਬ ਵਿਕਲਪ 1: ਅੰਗਰੇਜ਼ੀ

ਜਵਾਬ ਵਿਕਲਪ 2: ਫ੍ਰੈਂਚ

ਲਿਖਣ ਵਾਲਾ ਖੇਤਰ: ਹੋਰ ਭਾਸ਼ਾ - ਦੱਸੋ

ਹੇਠਾਂ ਦਿੱਤੇ ਸਵਾਲ ਕੈਨੇਡਾ ਵਿੱਚ ਅੰਗਰੇਜ਼ੀ ਅਤੇ ਫ੍ਰੈਂਚ ਵਿੱਚ ਸਿੱਖਿਆ ਪ੍ਰੋਗਰਾਮਾਂ ਦਾ ਸਮਰਥਨ ਕਰਨ ਲਈ ਕ*ਨੇਡੀਅਨ ਚਾਰਟਰ ਆਫ਼ ਰਾਈਟਸ ਐਂਡ ਫ੍ਰੀਡਮਜ਼* ਦੇ ਅਨੁਸਾਰ ਜਾਣਕਾਰੀ ਇਕੱਠੀ ਕਰਦੇ ਹਨ।

11. ਕੀ ਇਹ ਰਿਹਾਇਸ਼ ਕਿਊਬੈਕ ਵਿੱਚ ਸਥਿਤ ਹੈ?

ਜਵਾਬ ਵਿਕਲਪ 1: ਨਹੀਂ → ਸਵਾਲ 12 ਨਾਲ ਜਾਰੀ ਰੱਖੋ

ਜਵਾਬ ਵਿਕਲਪ 2: ਹਾਂ → ਸਵਾਲ 15 'ਤੇ ਜਾਓ

12. ਕੀ ਇਸ ਵਿਅਕਤੀ ਨੇ ਕੈਨੇਡਾ ਵਿੱਚ ਆਪਣੀ ਕੋਈ ਵੀ ਪ੍ਰਾਇਮਰੀ ਜਾਂ ਸੈਕੰਡਰੀ ਪੜ੍ਹਾਈ ਫ੍ਰੈਂਚ ਵਿੱਚ ਕੀਤੀ ਹੈ (ਇਮਰਸ਼ਨ ਸਮੇਤ)?

ਸਿਰਫ਼ ਇੱਕ ਵਿਕਲਪ ਦੱਸੋ।

ਜਵਾਬ ਵਿਕਲਪ 1: ਹਾਂ (ਪਹਿਲਾਂ ਜਾਂ ਵਰਤਮਾਨ ਵਿੱਚ ਪੜ੍ਹ ਰਿਹਾ ਹੈ)

ਜਵਾਬ ਵਿਕਲਪ 2: ਨਹੀਂ → ਸਵਾਲ 17 'ਤੇ ਜਾਓ

13. ਫ੍ਰੈਂਚ ਵਿੱਚ ਇਹ ਸਕੂਲੀ ਸਿੱਖਿਆ ਕਿਸ ਕਿਸਮ ਦੇ ਪ੍ਰੋਗਰਾਮ ਵਿੱਚ ਕੀਤੀ ਗਈ ਸੀ?

ਜਵਾਬ ਵਿਕਲਪ 1: ਇੱਕ ਫ੍ਰੈਂਚ-ਭਾਸ਼ਾ ਸਕੂਲ ਵਿੱਚ ਨਿਯਮਤ ਫ੍ਰੈਂਚ ਪ੍ਰੋਗਰਾਮ

ਜਵਾਬ ਵਿਕਲਪ 2: ਇੱਕ ਅੰਗਰੇਜ਼ੀ-ਭਾਸ਼ਾ ਸਕੂਲ ਵਿੱਚ ਫ੍ਰੈਂਚ ਇਮਰਸ਼ਨ ਪ੍ਰੋਗਰਾਮ → ਸਵਾਲ 17 'ਤੇ ਜਾਓ

ਜਵਾਬ ਵਿਕਲਪ 3: ਦੋਵੇਂ ਤਰ੍ਹਾਂ ਦੇ ਪ੍ਰੋਗਰਾਮ

ਲਿਖਣ ਵਾਲਾ ਖੇਤਰ: ਹੋਰ ਪ੍ਰੋਗਰਾਮ—ਦੱਸੋ

### 14. ਇਹ ਵਿਅਕਤੀ ਕੈਨੇਡਾ ਦੇ ਇੱਕ ਫ੍ਰੈਂਚ-ਭਾਸ਼ਾ ਸਕੂਲ ਵਿੱਚ ਕਿੰਨੇ ਸਾਲਾਂ ਲਈ ਨਿਯਮਤ ਫ੍ਰੈਂਚ ਪ੍ਰੋਗਰਾਮ ਵਿੱਚ ਸ਼ਾਮਲ ਹੋਇਆ?

ਲਿਖਣ ਵਾਲਾ ਖੇਤਰ: ਪ੍ਰਾਇਮਰੀ ਸਕੂਲੀ ਸਿੱਖਿਆ ਵਿੱਚ ਸਾਲਾਂ ਦੀ ਗਿਣਤੀ (ਕਿੰਡਰਗਾਰਟਨ ਅਤੇ ਮਿਡਲ ਸਕੂਲ ਸਮੇਤ) → ਸਵਾਲ 17 'ਤੇ ਜਾਓ

ਲਿਖਣ ਵਾਲਾ ਖੇਤਰ: ਸੈਕੰਡਰੀ ਸਕੂਲੀ ਸਿੱਖਿਆ ਵਿੱਚ ਸਾਲਾਂ ਦੀ ਗਿਣਤੀ→ ਸਵਾਲ 17 'ਤੇ ਜਾਓ

### 15. ਕੀ ਇਸ ਵਿਅਕਤੀ ਨੇ ਆਪਣੀ ਕੋਈ ਵੀ ਪ੍ਰਾਇਮਰੀ ਜਾਂ ਸੈਕੰਡਰੀ ਪੜ੍ਹਾਈ ਕੈਨੇਡਾ ਦੇ ਕਿਸੇ ਅੰਗਰੇਜ਼ੀ-ਭਾਸ਼ਾ ਵਾਲੇ ਸਕੂਲ ਵਿੱਚ ਕੀਤੀ ਹੈ (ਇਮਰਸ਼ਨ ਸਮੇਤ)?

ਸਿਰਫ਼ ਇੱਕ ਵਿਕਲਪ ਦੱਸੋ।

ਜਵਾਬ ਵਿਕਲਪ 1: ਹਾਂ (ਪਹਿਲਾਂ ਜਾਂ ਵਰਤਮਾਨ ਵਿੱਚ ਪੜ੍ਹ ਰਿਹਾ ਹੈ)

ਜਵਾਬ ਵਿਕਲਪ 2: ਨਹੀਂ → ਸਵਾਲ 17 'ਤੇ ਜਾਓ

### 16. ਇਸ ਵਿਅਕਤੀ ਨੇ ਕੈਨੇਡਾ ਦੇ ਇੱਕ ਅੰਗਰੇਜ਼ੀ-ਭਾਸ਼ਾ ਵਾਲੇ ਸਕੂਲ ਵਿੱਚ ਕਿੰਨੇ ਸਾਲਾਂ ਤੱਕ ਆਪਣੀ ਪੜ੍ਹਾਈ ਕੀਤੀ (ਇਮਰਸ਼ਨ ਸਮੇਤ)?

ਲਿਖਣ ਵਾਲਾ ਖੇਤਰ: ਪ੍ਰਾਇਮਰੀ ਸਕੂਲੀ ਸਿੱਖਿਆ ਵਿੱਚ ਸਾਲਾਂ ਦੀ ਗਿਣਤੀ (ਕਿੰਡਰਗਾਰਟਨ ਸਮੇਤ)

ਲਿਖਣ ਵਾਲਾ ਖੇਤਰ: ਸੈਕੰਡਰੀ ਸਕੂਲੀ ਸਿੱਖਿਆ ਵਿੱਚ ਸਾਲਾਂ ਦੀ ਗਿਣਤੀ

## ਰੋਜ਼ਾਨਾ ਜੀਵਨ ਦੀਆਂ ਗਤੀਵਿਧੀਆਂ

ਹੇਠਲਾ ਸਵਾਲ ਕਿਸੇ ਵਿਅਕਤੀ ਨੂੰ ਕੁਝ ਖਾਸ ਗਤੀਵਿਧੀਆਂ ਕਰਨ ਵਿੱਚ ਹੋ ਸਕਣ ਵਾਲੀਆਂ ਮੁਸ਼ਕਲਾਂ ਬਾਰੇ ਹੈ। ਸਿਰਫ਼ ਉਨ੍ਹਾਂ ਮੁਸ਼ਕਲਾਂ ਜਾਂ ਲੰਬੇ ਸਮੇਂ ਦੀਆਂ ਸਥਿਤੀਆਂ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਜੋ ਛੇ ਮਹੀਨੇ ਜਾਂ ਉਸ ਤੋਂ ਵੱਧ ਸਮੇਂ ਲਈ ਰਹੀਆਂ ਹਨ ਜਾਂ ਰਹਿਣ ਦੀ ਉਮੀਦ ਹੈ।

17. a) ਕੀ ਇਸ ਵਿਅਕਤੀ ਨੂੰ ਦੇਖਣ ਵਿੱਚ ਕੋਈ ਮੁਸ਼ਕਲ ਆਉਂਦੀ ਹੈ (ਚਸ਼ਮਾ ਜਾਂ ਕੰਟੈਕਟ ਲੈਂਸ ਪਹਿਨਣ 'ਤੇ ਵੀ)?

ਜਵਾਬ ਵਿਕਲਪ 1: ਨਹੀਂ

ਜਵਾਬ ਵਿਕਲਪ 2: ਕਈ ਵਾਰ

ਜਵਾਬ ਵਿਕਲਪ 3: ਅਕਸਰ

ਜਵਾਬ ਵਿਕਲਪ 4: ਹਮੇਸ਼ਾ

17. b) ਕੀ ਇਸ ਵਿਅਕਤੀ ਨੂੰ ਸੁਣਨ ਵਿੱਚ ਕੋਈ ਮੁਸ਼ਕਲ ਆਉਂਦੀ ਹੈ (ਹੀਅਰਿੰਗ ਏਡ ਦੀ ਵਰਤੋਂ ਕਰਦੇ ਸਮੇਂ ਵੀ)?

ਜਵਾਬ ਵਿਕਲਪ 1: ਨਹੀਂ

ਜਵਾਬ ਵਿਕਲਪ 2: ਕਈ ਵਾਰ

ਜਵਾਬ ਵਿਕਲਪ 3: ਅਕਸਰ

ਜਵਾਬ ਵਿਕਲਪ 4: ਹਮੇਸ਼ਾ

17. c) ਕੀ ਇਸ ਵਿਅਕਤੀ ਨੂੰ ਤੁਰਨ, ਪੌੜੀਆਂ ਵਰਤਣ, ਆਪਣੇ ਹੱਥਾਂ ਜਾਂ ਉਂਗਲਾਂ ਦੀ ਵਰਤੋਂ ਕਰਨ ਜਾਂ ਹੋਰ ਸਰੀਰਕ ਗਤੀਵਿਧੀਆਂ ਕਰਨ ਵਿੱਚ ਕੋਈ ਮੁਸ਼ਕਲ ਆਉਂਦੀ ਹੈ?

ਜਵਾਬ ਵਿਕਲਪ 1: ਨਹੀਂ

ਜਵਾਬ ਵਿਕਲਪ 2: ਕਈ ਵਾਰ

ਜਵਾਬ ਵਿਕਲਪ 3: ਅਕਸਰ

ਜਵਾਬ ਵਿਕਲਪ 4: ਹਮੇਸ਼ਾ

17. d) ਕੀ ਇਸ ਵਿਅਕਤੀ ਨੂੰ ਸਿੱਖਣ, ਯਾਦ ਰੱਖਣ ਜਾਂ ਧਿਆਨ ਕੇਂਦਰਿਤ ਕਰਨ ਵਿੱਚ ਕੋਈ ਮੁਸ਼ਕਲ ਆਉਂਦੀ ਹੈ?

ਜਵਾਬ ਵਿਕਲਪ 1: ਨਹੀਂ

ਜਵਾਬ ਵਿਕਲਪ 2: ਕਈ ਵਾਰ

ਜਵਾਬ ਵਿਕਲਪ 3: ਅਕਸਰ

ਜਵਾਬ ਵਿਕਲਪ 4: ਹਮੇਸ਼ਾ

17. e) ਕੀ ਇਸ ਵਿਅਕਤੀ ਨੂੰ ਕੋਈ ਭਾਵਨਾਤਮਕ, ਮਨੋਵਿਗਿਆਨਕ ਜਾਂ ਮਾਨਸਿਕ ਸਿਹਤ ਸਥਿਤੀਆਂ ਹਨ (ਉਦਾਹਰਣ ਵਜੋਂ, ਚਿੰਤਾ, ਡਿਪਰੈਸ਼ਨ, ਬਾਈਪੋਲਰ ਡਿਸਆਰਡਰ, ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ, ਐਨੋਰੈਕਸੀਆ, ਆਦਿ)?

ਜਵਾਬ ਵਿਕਲਪ 1: ਨਹੀਂ

ਜਵਾਬ ਵਿਕਲਪ 2: ਕਈ ਵਾਰ

ਜਵਾਬ ਵਿਕਲਪ 3: ਅਕਸਰ

ਜਵਾਬ ਵਿਕਲਪ 4: ਹਮੇਸ਼ਾ

17 f) ਕੀ ਇਸ ਵਿਅਕਤੀ ਨੂੰ ਕੋਈ ਹੋਰ ਸਿਹਤ ਸਮੱਸਿਆ ਜਾਂ ਲੰਬੇ ਸਮੇਂ ਦੀ ਸਥਿਤੀ ਹੈ ਜੋ ਛੇ ਮਹੀਨੇ ਜਾਂ ਉਸ ਤੋਂ ਵੱਧ ਸਮੇਂ ਲਈ ਰਹੀ ਹੈ ਜਾਂ ਰਹਿਣ ਦੀ ਉਮੀਦ ਹੈ?

ਸ਼ਾਮਲ ਨਾ ਕਰੋ: ਉਪਰੋਕਤ ਪ੍ਰਸ਼ਨ 17. a) ਤੋਂ 17. e) ਵਿੱਚ ਪਹਿਲਾਂ ਦੱਸੀਆਂ ਗਈਆਂ ਕੋਈ ਵੀ ਸਿਹਤ ਸਮੱਸਿਆਵਾਂ।

ਜਵਾਬ ਵਿਕਲਪ 1: ਨਹੀਂ

ਜਵਾਬ ਵਿਕਲਪ 2: ਕਈ ਵਾਰ

ਜਵਾਬ ਵਿਕਲਪ 3: ਅਕਸਰ

ਜਵਾਬ ਵਿਕਲਪ 4: ਹਮੇਸ਼ਾ

## ਆਮ ਸਿਹਤ

ਹੇਠ ਦਿੱਤਾ ਸਵਾਲ ਇਸ ਘਰ ਦੇ ਮੈਂਬਰਾਂ ਦੀ ਆਮ ਸਿਹਤ ਸਥਿਤੀ ਬਾਰੇ ਹੈ।

### 18. ਆਮ ਤੌਰ 'ਤੇ, ਇਸ ਵਿਅਕਤੀ ਦੀ ਸਿਹਤ ਕਿਹੋ ਜਿਹੀ ਹੈ?

ਸਿਹਤ ਦਾ ਅਰਥ ਸਿਰਫ਼ ਬਿਮਾਰੀ ਜਾਂ ਸੱਟ ਦੀ ਅਣਹੋਂਦ ਹੀ ਨਹੀਂ ਹੈ, ਸਗੋਂ ਸਰੀਰਕ, ਮਾਨਸਿਕ ਅਤੇ ਸਮਾਜਿਕ ਤੰਦਰੁਸਤੀ ਵੀ ਹੈ।

ਸਿਰਫ਼ ਇੱਕ ਵਿਕਲਪ ਦੱਸੋ।

ਜਵਾਬ ਵਿਕਲਪ 1: ਉੱਤਮ

ਜਵਾਬ ਵਿਕਲਪ 2: ਬਹੁਤ ਚੰਗੀ

ਜਵਾਬ ਵਿਕਲਪ 3: ਚੰਗੀ

ਜਵਾਬ ਵਿਕਲਪ 4: ਸੰਤੋਖਜਨਕ

ਜਵਾਬ ਵਿਕਲਪ 5: ਮਾੜੀ

## ਸਮਾਜਿਕ ਸੱਭਿਆਚਾਰਕ ਜਾਣਕਾਰੀ

### 19. ਇਹ ਵਿਅਕਤੀ ਕਿੱਥੇ ਪੈਦਾ ਹੋਇਆ ਸੀ?

ਮੌਜੂਦਾ ਸੀਮਾਵਾਂ ਦੇ ਅਨੁਸਾਰ, ਸਿਰਫ਼ ਇੱਕ ਵਿਕਲਪ ਦੱਸੋ।

ਕੈਨੇਡਾ ਵਿੱਚ ਪੈਦਾ ਹੋਇਆ

ਜਵਾਬ ਵਿਕਲਪ 1: ਨਿਊਫਾਊਂਡਲੈਂਡ ਅਤੇ ਲੈਬਰਾਡੋਰ

ਜਵਾਬ ਵਿਕਲਪ 2: ਪ੍ਰਿੰਸ ਐਡਵਰਡ ਆਈਲੈਂਡ

ਜਵਾਬ ਵਿਕਲਪ 3: ਨੋਵਾ ਸਕੋਸ਼ੀਆ

ਜਵਾਬ ਵਿਕਲਪ 4: ਨਿਊ ਬਰੰਜ਼ਵਿਕ

ਜਵਾਬ ਵਿਕਲਪ 5: ਕਿਊਬੇਕ

ਜਵਾਬ ਵਿਕਲਪ 6: ਓਨਟੈਰੀਓ

ਜਵਾਬ ਵਿਕਲਪ 7: ਮੈਨੀਟੋਬਾ

ਜਵਾਬ ਵਿਕਲਪ 8: ਸਸਕੈਚਵਨ

ਜਵਾਬ ਵਿਕਲਪ 9: ਅਲਬਰਟਾ

ਜਵਾਬ ਵਿਕਲਪ 10: ਬ੍ਰਿਟਿਸ਼ ਕੋਲੰਬੀਆ

ਜਵਾਬ ਵਿਕਲਪ 11: ਯੁਕੌਨ

ਜਵਾਬ ਵਿਕਲਪ 12: ਨੌਰਥਵੈਸਟ ਟੇਰੇਟੌਰੀਜ਼

ਜਵਾਬ ਵਿਕਲਪ 13: ਨੁਨਾਵੁਤ

ਕੈਨੇਡਾ ਤੋਂ ਬਾਹਰ ਪੈਦਾ ਹੋਇਆ

ਲਿਖਣ ਵਾਲਾ ਖੇਤਰ: ਦੇਸ਼ ਦੱਸੋ

### 20. ਇਸ ਵਿਅਕਤੀ ਦੇ ਮਾਤਾ-ਪਿਤਾ ਕਿੱਥੇ ਪੈਦਾ ਹੋਏ ਸਨ?

ਮੌਜੂਦਾ ਸੀਮਾਵਾਂ ਦੇ ਅਨੁਸਾਰ ਦੇਸ਼ ਜਾਂ ਦੇਸ਼ਾਂ ਬਾਰੇ ਦੱਸੋ।

ਜਵਾਬ ਵਿਕਲਪ 1: ਸਾਰੇ ਮਾਤਾ-ਪਿਤਾ ਕੈਨੇਡਾ ਵਿੱਚ ਪੈਦਾ ਹੋਏ

ਜਵਾਬ ਵਿਕਲਪ 2: ਸਾਰੇ ਮਾਤਾ-ਪਿਤਾ ਕੈਨੇਡਾ ਤੋਂ ਬਾਹਰ ਪੈਦਾ ਹੋਏ

ਲਿਖਣ ਵਾਲਾ ਖੇਤਰ: ਹਰੇਕ ਮਾਤਾ-ਪਿਤਾ ਦੇ ਜਨਮ ਦਾ ਦੇਸ਼ ਦੱਸੋ

ਜਵਾਬ ਵਿਕਲਪ 3: ਇੱਕ ਮਾਤਾ/ਪਿਤਾ ਕੈਨੇਡਾ ਵਿੱਚ ਪੈਦਾ ਹੋਇਆ ਹੈ ਅਤੇ ਇੱਕ ਮਾਤਾ/ਪਿਤਾ ਕੈਨੇਡਾ ਤੋਂ ਬਾਹਰ ਪੈਦਾ ਹੋਇਆ ਹੈ

ਲਿਖਣ ਵਾਲਾ ਖੇਤਰ: ਕੈਨੇਡਾ ਤੋਂ ਬਾਹਰ ਜਨਮ ਦਾ ਦੇਸ਼ ਦੱਸੋ

ਜੇਕਰ ਇਹ ਵਿਅਕਤੀ ਫਸਟ ਨੇਸ਼ਨਜ਼ ਰਿਜ਼ਰਵ 'ਤੇ ਰਹਿੰਦਾ ਹੈ, ਤਾਂ ਸਵਾਲ 22 'ਤੇ ਜਾਓ।

### 21. a) ਕੀ ਇਹ ਵਿਅਕਤੀ ਕਨੇਡੀਅਨ ਨਾਗਰਿਕ ਹੈ?

"ਨੈਚੁਰਲਾਈਜ਼ੇਸ਼ਨ ਦੁਆਰਾ ਕਨੇਡੀਅਨ ਨਾਗਰਿਕ" ਅਜਿਹੇ ਪ੍ਰਵਾਸੀ ਦਾ ਹਵਾਲਾ ਦਿੰਦਾ ਹੈ ਜਿਸਨੂੰ *ਸਿਟੀਜ਼ਨਸ਼ਿਪ ਐਕਟ* ਦੇ ਤਹਿਤ ਕੈਨੇਡਾ ਦੀ ਨਾਗਰਿਕਤਾ ਦਿੱਤੀ ਗਈ ਸੀ।

ਜਵਾਬ ਵਿਕਲਪ 1: ਹਾਂ, ਜਨਮ ਤੋਂ ਕਨੇਡੀਅਨ ਨਾਗਰਿਕ

ਜਵਾਬ ਵਿਕਲਪ 2: ਹਾਂ, ਨੈਚੁਰਲਾਈਜ਼ੇਸ਼ਨ ਦੁਆਰਾ ਕਨੇਡੀਅਨ ਨਾਗਰਿਕ

ਜਵਾਬ ਵਿਕਲਪ 3: ਨਹੀਂ, ਕਨੇਡੀਅਨ ਨਾਗਰਿਕ ਨਹੀਂ ਹੈ

### 21. b) ਕੀ ਇਹ ਵਿਅਕਤੀ ਕੈਨੇਡਾ ਤੋਂ ਇਲਾਵਾ ਕਿਸੇ ਹੋਰ ਦੇਸ਼ ਦਾ ਨਾਗਰਿਕ ਹੈ?

ਜੇਕਰ ਲਾਗੂ ਹੋਵੇ, ਤਾਂ ਇੱਕ ਤੋਂ ਵੱਧ ਨਾਗਰਿਕਤਾ ਵਾਲੇ ਦੇਸ਼ ਦੱਸੋ।

ਜਵਾਬ ਵਿਕਲਪ 1: ਨਾਗਰਿਕਤਾ ਵਾਲੇ ਹੋਰ ਕੋਈ ਦੇਸ਼ ਨਹੀਂ

ਜਵਾਬ ਵਿਕਲਪ 2: ਹਾਂ, ਨਾਗਰਿਕਤਾ ਵਾਲੇ ਹੋਰ ਦੇਸ਼

ਲਿਖਣ ਵਾਲਾ ਖੇਤਰ: ਨਾਗਰਿਕਤਾ ਵਾਲਾ/ਵਾਲੈ ਦੇਸ਼ ਦੱਸੋ

### 22. ਅੰਗਰੇਜ਼ੀ ਜਾਂ ਫ੍ਰੈਂਚ ਤੋਂ ਇਲਾਵਾ, ਇਹ ਵਿਅਕਤੀ ਕਿਹੜੀ ਭਾਸ਼ਾ(ਭਾਸ਼ਾਵਾਂ) ਚੰਗੀ ਤਰ੍ਹਾਂ ਜਾਣਦਾ ਹੈ ਕਿ ਉਸ ਵਿੱਚ ਗੱਲਬਾਤ ਕਰ ਸਕੇ?

ਜੇ ਲਾਗੂ ਹੋਵੇ, ਤਾਂ ਸੰਕੇਤਕ (sign) ਭਾਸ਼ਾਵਾਂ ਸ਼ਾਮਲ ਕਰੋ।

ਇੰਡਿਜਨਸ (ਸਵਦੇਸ਼ੀ) ਭਾਸ਼ਾਵਾਂ ਦੇ ਉਦਾਹਰਣ: ਇਨੂ (ਮੋਂਟਾਗਨੇਸ), ਨੇਹੀਆਵੇਵਿਨ (ਪਲੇਨਜ਼ ਕ੍ਰੀ), ਮਿਕਮੇਕ, ਓਜੀ-ਕਰੀ, ਡੈਨੇਸੁਲਿਨ, ਇਨੁਕਟੀਟੂਟ, ਮੋਹੌਕ, ਮਿਚਿਫ, ਸੇਕਵੇਪੇਮਕਟਸਿਨ (ਸ਼ੁਸਵੈਪ), ਸਟੋਨੀ, ਗਿਟਸੇਨ (ਗਿਟਸੇਨ), ਕਵਾਕ'ਵਾਲਾ (ਕਵਾਕੀਉਟਲ), ਆਦਿ।

ਜਵਾਬ ਵਿਕਲਪ: ਕੋਈ ਨਹੀਂ

ਜਾਂ

ਲਿਖਣ ਵਾਲਾ ਖੇਤਰ: ਹੋਰ ਭਾਸ਼ਾ(ਭਾਸ਼ਾਵਾਂ)—ਦੱਸੋ

## 23. ਇਸ ਵਿਅਕਤੀ ਦੇ ਪੁਰਵਜਾਂ ਦੇ ਨਸਲੀ ਜਾਂ ਸੱਭਿਆਚਾਰਕ ਮੂਲ ਕੀ ਸਨ?

ਪੁਰਵਜ ਉਨ੍ਹਾਂ ਲੋਕਾਂ ਨੂੰ ਕਹਿੰਦੇ ਹਨ ਜਿਨ੍ਹਾਂ ਦੇ ਵੰਸ਼ ਤੋਂ ਕੋਈ ਵਿਅਕਤੀ ਆਉਂਦਾ ਹੈ (ਦਾਦਾ-ਦਾਦੀ/ਨਾਨਾ-ਨਾਨੀ, ਪੜਦਾਦਾ-ਪੜਦਾਦੀ/ਪੜਨਾਨਾ-ਪੜਨਾਨੀ, ਆਦਿ)।

ਪੁਰਵਜਾਂ ਵਿੱਚ ਹੋ ਸਕਦੇ ਹਨ:

- ਇੰਡਿਜਨਸ (ਸਵਦੇਸ਼ੀ) ਮੂਲ (ਉਦਾਹਰਣ ਲਈ ਫਸਟ ਨੇਸ਼ਨਜ਼, ਕ੍ਰੀ, ਇਨੂਇਟ, ਓਜੀਬਵੇ, ਮਿਕਮੈਕ, ਮੈਟੀ, ਡੀਨ ਓਜੀ-ਕ੍ਰੀ, ਪਲੇਨਜ਼ ਕ੍ਰੀ, ਇਨੂ/ਮੋਂਟਾਗਨੇਸ, ਬਲੈਕਫੁੱਟ, ਸੌਲਟੋ, ਵੁੱਡਲੈਂਡ ਕ੍ਰੀ, ਐਟਿਕਮੇਕਵ, ਇਨੁਵੀਆਲੂਇਟ, ਅਲਗੋਂਕੁਇਨ, ਅਨੀਸ਼ੀਨਾਬੇ, ਡਕੋਟਾ, ਗਿਟਸੇਨ, ਡੈਨੇਸੁਲਿਨ [ਚਿਪੇਵੇਯਨ], ਸੇਕਵੇਪੇਂਕ [ਸ਼ੁਸਵੈਪ]), ਜਾਂ
- ਵੱਖ-ਵੱਖ ਦੇਸ਼ਾਂ ਦਾ ਹਵਾਲਾ ਦੇਣ ਵਾਲੇ ਮੂਲ (ਜਿਵੇਂ ਕਿ ਸਕਾਟਿਸ਼, ਫਿਲੀਪੀਨੋ, ਮੈਕਸੀਕਨ, ਨਾਈਜੀਰੀਅਨ), ਜਾਂ
- ਹੋਰ ਮੂਲ ਜੋ ਵੱਖ-ਵੱਖ ਦੇਸ਼ਾਂ ਦਾ ਹਵਾਲਾ ਨਹੀਂ ਦੇ ਸਕਦੇ (ਜਿਵੇਂ ਕਿ, ਕਿਊਬੇਕੋਆ, ਯਹੂਦੀ, ਤਾਮਿਲ)।

ਨਸਲੀ ਜਾਂ ਸੱਭਿਆਚਾਰਕ ਮੂਲ ਦੇ ਉਦਾਹਰਣਾਂ ਲਈ, www12.statcan.gc.ca/ancestry 'ਤੇ ਜਾਓ।

ਲਿਖਣ ਵਾਲਾ ਖੇਤਰ: ਵੱਡੇ ਅੱਖਰਾਂ ਦੀ ਵਰਤੋਂ ਕਰਕੇ ਜਿੰਨੇ ਵੀ ਸੰਭਵ ਹੋਣ, ਮੂਲ ਦੱਸੋ

## 24. ਕੀ ਇਹ ਵਿਅਕਤੀ ਫਸਟ ਨੇਸ਼ਨਜ਼, ਮੇਟੀ, ਜਾਂ ਇਨੁਕ (ਇਨੂਇਟ) ਹੈ?

ਨੋਟ: ਫਸਟ ਨੇਸ਼ਨਜ਼ ਵਿੱਚ ਸਟੇਟਸ ਅਤੇ ਗੈਰ-ਸਟੇਟਸ ਵਿਅਕਤੀ ਸ਼ਾਮਲ ਹਨ।

ਜੇਕਰ "ਹਾਂ", ਤਾਂ ਹੁਣ ਉਹ ਵਿਕਲਪ ਦੱਸੋ ਜੋ ਇਸ ਵਿਅਕਤੀ ਦਾ ਸਭ ਤੋਂ ਵਧੀਆ ਵਰਣਨ ਕਰਦਾ ਹੈ/ਕਰਦੇ ਹਨ।

ਜਵਾਬ ਵਿਕਲਪ 1: ਨਹੀਂ, ਫਸਟ ਨੇਸ਼ਨਜ਼, ਮੇਟੀ ਜਾਂ ਇਨੁਕ (ਇਨੂਇਟ) ਨਹੀਂ

ਜਾਂ

ਜਵਾਬ ਵਿਕਲਪ 2: ਹਾਂ, ਫਸਟ ਨੇਸ਼ਨਜ਼

ਜਵਾਬ ਵਿਕਲਪ 3: ਹਾਂ, ਮੇਟੀ

ਜਵਾਬ ਵਿਕਲਪ 4: ਹਾਂ, ਇਨੁਕ (ਇਨੂਇਟ)

ਸਵਾਲ 25 ਉਹਨਾਂ ਪ੍ਰੋਗਰਾਮਾਂ ਦਾ ਸਮਰਥਨ ਕਰਨ ਲਈ ਜਾਣਕਾਰੀ ਇਕੱਠੀ ਕਰਦਾ ਹੈ ਜੋ ਕੈਨੇਡਾ ਦੇ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਜੀਵਨ ਨੂੰ ਸਾਂਝਾ ਕਰਨ ਲਈ ਸਾਰਿਆਂ ਲਈ ਬਰਾਬਰ ਮੌਕਿਆਂ ਨੂੰ ਉਤਸ਼ਾਹਿਤ ਕਰਦੇ ਹਨ।

25. ਕਿਹੜਾ ਆਬਾਦੀ ਸਮੂਹ ਜਾਂ ਗਰੁੱਪ ਇਸ ਵਿਅਕਤੀ ਦਾ ਸਭ ਤੋਂ ਵਧੀਆ ਵਰਣਨ ਕਰਦਾ ਹੈ/ਕਰਦੇ ਹਨ?

ਲਾਗੂ ਹੋਣ ਵਾਲੇ ਸਾਰੇ ਸਮੂਹ ਦੱਸੋ, ਜਾਂ ਜੇਕਰ ਲਾਗੂ ਹੋਵੇ ਤਾਂ ਕੋਈ ਹੋਰ ਸਮੂਹ ਦੱਸੋ।

ਜਵਾਬ ਵਿਕਲਪ 1: ਵਾਇਟ

ਜਵਾਬ ਵਿਕਲਪ 2: ਦੱਖਣੀ ਏਸ਼ੀਆਈ (ਉਦਾਹਰਣ ਵਜੋਂ, ਭਾਰਤੀ, ਪਾਕਿਸਤਾਨੀ, ਸ੍ਰੀਲੰਕਨ)

ਜਵਾਬ ਵਿਕਲਪ 3: ਫਸਟ ਨੇਸ਼ਨਜ਼, ਮੇਟੀ ਜਾਂ ਇਨੁਕ (ਇਨੂਇਟ)

ਜਵਾਬ ਵਿਕਲਪ 4: ਚੀਨੀ

ਜਵਾਬ ਵਿਕਲਪ 5: ਬਲੈਕ

ਜਵਾਬ ਵਿਕਲਪ 6: ਫਿਲੀਪੀਨੋ

ਜਵਾਬ ਵਿਕਲਪ 7: ਅਰਬੀ

ਜਵਾਬ ਵਿਕਲਪ 8: ਲਾਤੀਨੀ ਅਮਰੀਕੀ

ਜਵਾਬ ਵਿਕਲਪ 9: ਦੱਖਣ-ਪੂਰਬੀ ਏਸ਼ੀਆਈ (ਉਦਾਹਰਣ ਵਜੋਂ, ਵੀਅਤਨਾਮੀ, ਕੰਬੋਡੀਅਨ, ਲਾਓਸ਼ੀਅਨ, ਥਾਈ)

ਜਵਾਬ ਵਿਕਲਪ 10: ਪੱਛਮੀ ਏਸ਼ੀਆਈ (ਉਦਾਹਰਣ ਵਜੋਂ, ਈਰਾਨੀ, ਅਫਗਾਨ)

ਜਵਾਬ ਵਿਕਲਪ 11: ਕੋਰੀਆਈ

ਜਵਾਬ ਵਿਕਲਪ 12: ਜਪਾਨੀ

ਲਿਖਣ ਵਾਲਾ ਖੇਤਰ: ਜਾਂ ਕਿਰਪਾ ਕਰਕੇ ਕੋਈ ਹੋਰ ਸਮੂਹ ਦੱਸੋ।

## 26. ਕੀ ਇਹ ਵਿਅਕਤੀ ਸਟੇਟਸ ਇੰਡੀਅਨ ਹੈ (ਕੈਨੇਡਾ ਦੇ ਇੰਡੀਅਨ ਐਕਟ ਦੁਆਰਾ ਪਰਿਭਾਸ਼ਿਤ ਰਜਿਸਟਰਡ ਜਾਂ ਟ੍ਰੀਟੀ ਇੰਡੀਅਨ)?

ਇਸ ਸਵਾਲ ਵਿੱਚ "ਇੰਡੀਅਨ" ਸ਼ਬਦ ਮੌਜੂਦਾ ਕਾਨੂੰਨ ਦੇ ਅੰਦਰ ਇੱਕ ਕਾਨੂੰਨੀ ਸ਼ਬਦ ਵਜੋਂ ਵਰਤਿਆ ਗਿਆ ਹੈ।

ਜਵਾਬ ਵਿਕਲਪ 1: ਨਹੀਂ

ਜਵਾਬ ਵਿਕਲਪ 2: ਹਾਂ, ਸਟੇਟਸ ਇੰਡੀਅਨ (ਰਜਿਸਟਰਡ ਜਾਂ ਟ੍ਰੀਟੀ)

## 27. ਕੀ ਇਹ ਵਿਅਕਤੀ ਕਿਸੇ ਫਸਟ ਨੇਸ਼ਨ ਦਾ ਮੈਂਬਰ ਹੈ?

ਸਵੈ-ਸ਼ਾਸਨ ਵਾਲੇ ਫਸਟ ਨੇਸ਼ਨਜ਼ ਨੂੰ ਸ਼ਾਮਲ ਕਰੋ।

ਜੇਕਰ "ਹਾਂ", ਤਾਂ ਕਿਹੜੀ ਫਸਟ ਨੇਸ਼ਨ?

ਉਦਾਹਰਣ ਵਜੋਂ, ਵੈਸਟਬੈਂਕ ਫਸਟ ਨੇਸ਼ਨ, ਮਨਾਵਨ ਦਾ ਐਤੀਕਮਕੇਵ, ਰੈੱਡ ਰੌਕ ਇੰਡੀਅਨ ਬੈਂਡ।

ਜਵਾਬ ਵਿਕਲਪ 1: ਨਹੀਂ

ਜਵਾਬ ਵਿਕਲਪ 2: ਹਾਂ, ਫਸਟ ਨੇਸ਼ਨ ਦਾ ਮੈਂਬਰ

ਲਿਖਣ ਵਾਲਾ ਖੇਤਰ: ਫਸਟ ਨੇਸ਼ਨ ਦਾ ਨਾਮ ਦੱਸੋ

## 28. ਕੀ ਇਹ ਵਿਅਕਤੀ ਮੇਟੀ ਸਰਕਾਰ, ਸੰਗਠਨ ਜਾਂ ਸੈਟਲਮੈਂਟ ਦਾ ਰਜਿਸਟਰਡ ਮੈਂਬਰ ਜਾਂ ਨਾਗਰਿਕ ਹੈ?

ਜੇਕਰ "ਹਾਂ", ਤਾਂ ਕਿਹੜੀ ਮੇਟੀ ਸਰਕਾਰ, ਸੰਸਥਾ ਜਾਂ ਸੈਟਲਮੈਂਟ?

ਸਿਰਫ਼ ਇੱਕ ਵਿਕਲਪ ਦੱਸੋ।

ਜਵਾਬ ਵਿਕਲਪ 1: ਨਹੀਂ

ਜਵਾਬ ਵਿਕਲਪ 2: ਹਾਂ, ਮੇਟੀ ਸਰਕਾਰ, ਸੰਗਠਨ ਜਾਂ ਸੈਟਲਮੈਂਟ ਦਾ ਰਜਿਸਟਰਡ ਮੈਂਬਰ ਜਾਂ ਨਾਗਰਿਕ

ਮੇਟੀ ਸਰਕਾਰ, ਸੰਗਠਨ ਜਾਂ ਸੈਟਲਮੈਂਟ ਦਾ ਨਾਮ

ਜਵਾਬ ਵਿਕਲਪ 1: ਓਨਟੈਰੀਓ ਦੀ ਮੇਟੀ ਨੇਸ਼ਨ

ਜਵਾਬ ਵਿਕਲਪ 2: ਮੈਨੀਟੋਬਾ ਮੇਟੀ ਫੈਡਰੇਸ਼ਨ

ਜਵਾਬ ਵਿਕਲਪ 3: ਮੇਟੀ ਨੇਸ਼ਨ - ਸਸਕੈਚਵਨ

ਜਵਾਬ ਵਿਕਲਪ 4: ਮੇਟੀ ਨੇਸ਼ਨ ਆਫ਼ ਅਲਬਰਟਾ (ਓਟੀਪੇਮਿਸੀਵਾਕ ਮੇਟੀ ਸਰਕਾਰ)

ਜਵਾਬ ਵਿਕਲਪ 5: ਮੇਟੀ ਨੇਸ਼ਨ ਬ੍ਰਿਟਿਸ਼ ਕੋਲੰਬੀਆ

ਲਿਖਣ ਵਾਲਾ ਖੇਤਰ: ਜਾਂ ਮੇਟੀ ਸੰਗਠਨ ਜਾਂ ਅਲਬਰਟਾ ਮੇਟੀ ਸੈਟਲਮੈਂਟ ਦੱਸੋ।

### 29. ਕੀ ਇਹ ਵਿਅਕਤੀ ਇਨੁਇਟ ਜ਼ਮੀਨ ਦੇ ਦਾਅਵਿਆਂ ਦੇ ਸਮਝੌਤੇ ਦੇ ਅਧੀਨ ਨਾਮਜ਼ਦ ਹੈ, ਜਾਂ ਉਸਦਾ ਲਾਭਪਾਤਰੀ ਹੈ?

ਕਿਰਪਾ ਕਰਕੇ ਪ੍ਰਤੀਨਿਧੀ ਸੰਗਠਨ ਦੀ ਬਜਾਏ ਸਮਝੌਤਾ ਦੱਸੋ। ਉਦਾਹਰਨ ਲਈ, ਨੁਨਾਵੁਤ ਟੁੰਗਾਵਿਕ ਇਨਕਾਰਪੋਰੇਟਿਡ (NTI) ਨੂੰ ਨਿਰਧਾਰਤ ਕਰਨ ਦੀ ਬਜਾਏ "ਨੁਨਾਵੁਤ ਸਮਝੌਤਾ" ਤੇ ਨਿਸ਼ਾਨ ਲਗਾਓ।

ਜਵਾਬ ਵਿਕਲਪ 1: ਨਹੀਂ

ਜਵਾਬ ਵਿਕਲਪ 2: ਹਾਂ

ਕਿਹੜਾ ਇਨੁਇਟ ਜ਼ਮੀਨ ਦਾਅਵਿਆਂ ਦਾ ਸਮਝੌਤਾ?

ਜਵਾਬ ਵਿਕਲਪ 1: ਇਨੁਵੀਆਲੂਟ ਅੰਤਿਮ ਸਮਝੌਤਾ

ਜਵਾਬ ਵਿਕਲਪ 2: ਨੁਨਾਵੁਤ ਸਮਝੌਤਾ (ਨੁਨਾਵੁਤ ਜ਼ਮੀਨੀ ਦਾਅਵਿਆਂ ਦਾ ਸਮਝੌਤਾ)

ਜਵਾਬ ਵਿਕਲਪ 3: ਜੇਮਜ਼ ਬੇਅ ਅਤੇ ਉੱਤਰੀ ਕਿਊਬੈਕ ਸਮਝੌਤਾ (ਨੁਨਾਵਿਕ)

ਜਵਾਬ ਵਿਕਲਪ 4: ਲੈਬਰਾਡੋਰ ਇਨਯੂਟ ਲੈਂਡ ਕਲੇਮ ਐਗਰੀਮੈਂਟ (ਨੁਨਾਟਸਿਆਵੁਟ)

ਲਿਖਣ ਵਾਲਾ ਖੇਤਰ: ਜਾਂ ਇਨੁਇਟ ਜ਼ਮੀਨੀ ਦਾਅਵਿਆਂ ਦਾ ਸਮਝੌਤਾ ਦੱਸੋ:

## ਧਰਮ

### 30. ਇਸ ਵਿਅਕਤੀ ਦਾ ਧਰਮ ਕੀ ਹੈ?

ਕੋਈ ਖਾਸ ਸੰਪਰਦਾ ਜਾਂ ਧਰਮ ਦੱਸੋ ਭਾਵੇਂ ਇਹ ਵਿਅਕਤੀ ਵਰਤਮਾਨ ਵਿੱਚ ਉਸ ਸਮੂਹ ਦਾ ਅਭਿਆਸੀ ਮੈਂਬਰ ਨਹੀਂ ਹੈ।

ਉਦਾਹਰਣ ਵਜੋਂ, ਰੋਮਨ ਕੈਥੋਲਿਕ, ਐਂਗਲੀਕਨ, ਪਰੰਪਰਾਗਤ (ਉੱਤਰੀ ਅਮਰੀਕੀ ਇੰਡਿਜਨਸ) ਅਧਿਆਤਮਿਕਤਾ, ਯੂਨਾਈਟਿਡ ਚਰਚ, ਪੈਂਟੇਕੋਸਟਲ, ਬੈਪਟਿਸਟ, ਮੋਰਾਵੀਅਨ, ਲੂਥਰਨ, ਪ੍ਰੈਸਬੀਟੇਰੀਅਨ, ਸਾਲਵੇਸ਼ਨ ਆਰਮੀ, ਲੌਂਗਹਾਊਸ, ਯਹੋਵਾਹ ਦੇ ਗਵਾਹ, ਮੁਸਲਿਮ, ਆਦਿ।

ਸੰਪ੍ਰਦਾਵਾਂ ਅਤੇ ਧਰਮਾਂ ਦੇ ਹੋਰ ਉਦਾਹਰਣਾਂ ਲਈ, www12.statcan.gc.ca/religion-e 'ਤੇ ਜਾਓ।

ਲਿਖਣ ਵਾਲਾ ਖੇਤਰ: ਸਿਰਫ਼ ਇੱਕ ਸੰਪਰਦਾ ਜਾਂ ਧਰਮ ਦੱਸੋ

ਜਾਂ

ਜਵਾਬ ਵਿਕਲਪ: ਕੋਈ ਧਰਮ ਨਹੀਂ

## ਕਨੇਡੀਅਨ ਫੌਜੀ ਤਜਰਬਾ

### 31. ਕੀ ਇਸ ਵਿਅਕਤੀ ਨੇ ਕਦੇ ਕਨੇਡੀਅਨ ਫੌਜ ਵਿੱਚ ਸੇਵਾ ਨਿਭਾਈ ਹੈ?

ਕੈਡੇਟ (ਯੁਵਾ ਪ੍ਰੋਗਰਾਮ) ਵਜੋਂ ਸੇਵਾ ਨੂੰ ਸ਼ਾਮਲ ਨਾ ਕਰੋ।

ਜੇਕਰ "ਹਾਂ", ਤਾਂ ਲਾਗੂ ਹੋਣ ਵਾਲੀਆਂ ਸਾਰੀਆਂ ਕਿਸਮਾਂ ਦੀਆਂ ਸੇਵਾਵਾਂ (ਜਿਵੇਂ ਕਿ, ਰੈਗੂਲਰ ਫੋਰਸ, ਰਿਜ਼ਰਵ ਫੋਰਸ) 'ਤੇ ਨਿਸ਼ਾਨ ਲਗਾਓ।

ਜਵਾਬ ਵਿਕਲਪ 1: ਹਾਂ, ਇਸ ਵੇਲੇ ਕਨੇਡੀਅਨ ਫੌਜ ਵਿੱਚ ਸੇਵਾ ਨਿਭਾ ਰਿਹਾ ਹੈ

ਇਹ ਕਿਸ ਕਿਸਮ ਦੀ ਸੇਵਾ ਹੈ?

ਜਵਾਬ ਵਿਕਲਪ 1: ਨਿਯਮਤ ਫੋਰਸ

ਜਵਾਬ ਵਿਕਲਪ 2: ਰਿਜ਼ਰਵ ਫੋਰਸ

ਲਿਖਣ ਵਾਲਾ ਖੇਤਰ: ਹੋਰ ਕਿਸਮ ਦੀ ਸੇਵਾ ਦੱਸੋ

ਜਵਾਬ ਵਿਕਲਪ 2: ਹਾਂ, ਪਰ ਹੁਣ ਕਨੇਡੀਅਨ ਫੌਜ ਵਿੱਚ ਸੇਵਾ ਨਹੀਂ ਕਰ ਰਿਹਾ

ਇਹ ਕਿਸ ਕਿਸਮ ਦੀ ਸੇਵਾ ਸੀ?

ਜਵਾਬ ਵਿਕਲਪ 1: ਨਿਯਮਤ ਫੋਰਸ

ਜਵਾਬ ਵਿਕਲਪ 2: ਰਿਜ਼ਰਵ ਫੋਰਸ

ਲਿਖਣ ਵਾਲਾ ਖੇਤਰ: ਹੋਰ ਕਿਸਮ ਦੀ ਸੇਵਾ ਦੱਸੋ

ਜਵਾਬ ਵਿਕਲਪ 3: ਕੋਈ ਕਨੇਡੀਅਨ ਫੌਜੀ ਸੇਵਾ ਨਹੀਂ

## ਗਤੀਸ਼ੀਲਤਾ

### 32. ਇਹ ਵਿਅਕਤੀ 1 ਸਾਲ ਪਹਿਲਾਂ, ਯਾਨੀ 12 ਮਈ, 2025 ਨੂੰ ਕਿੱਥੇ ਰਹਿੰਦਾ ਸੀ?

ਸਿਰਫ਼ ਇੱਕ ਵਿਕਲਪ ਦੱਸੋ।

ਨੋਟ: ਉਹਨਾਂ ਲਈ ਜੋ ਚੌਥਾ ਵਿਕਲਪ ਦੱਸਦੇ ਹਨ:

ਫਸਟ ਨੇਸ਼ਨ ਦੇ ਨਾਮ ਦੀ ਬਜਾਏ ਕਮਿਊਨਿਟੀ, ਨਗਰਪਾਲਿਕਾ ਜਾਂ ਫਸਟ ਨੇਸ਼ਨਜ਼ ਰਿਜ਼ਰਵ ਦੀ ਪਛਾਣ ਕਰੋ।

ਉਦਾਹਰਣ ਲਈ:

- Northlands Denesuline First Nation ਦੀ ਬਜਾਏ Lac Brochet 197A, Manitoba
- Paul First Nation ਦੀ ਬਜਾਏ Wabamun 133A, Alberta
- Deh Gáh Got'ie Dene First Nation ਦੀ ਬਜਾਏ Fort Providence, Northwest Territories
- Eabametoong First Nation ਦੀ ਬਜਾਏ Fort Hope 64, Ontario
- Les Innus de Ekuanitshit ਦੀ ਬਜਾਏ Mingan, Quebec

ਜਵਾਬ ਵਿਕਲਪ 1: 12 ਮਈ, 2025 ਤੋਂ ਬਾਅਦ ਜਨਮੇ

ਜਵਾਬ ਵਿਕਲਪ 2: ਉਸੇ ਪਤੇ 'ਤੇ ਰਹਿੰਦਾ ਸੀ ਜੋ ਹੁਣ ਹੈ

ਜਵਾਬ ਵਿਕਲਪ 3: ਇਸੀ ਸ਼ਹਿਰ, ਨਗਰਪਾਲਿਕਾ, ਕਸਬੇ, ਪਿੰਡ ਜਾਂ

ਫਸਟ ਨੇਸ਼ਨਜ਼ ਰਿਜ਼ਰਵ ਵਿੱਚ ਵੱਖਰੇ ਪਤੇ 'ਤੇ ਰਹਿੰਦਾ ਸੀ

ਜਵਾਬ ਵਿਕਲਪ 4: ਕੈਨੇਡਾ ਵਿੱਚ ਕਿਸੇ ਵੱਖਰੇ ਸ਼ਹਿਰ, ਨਗਰਪਾਲਿਕਾ, ਕਸਬੇ, ਪਿੰਡ ਜਾਂ ਫਸਟ ਨੇਸ਼ਨਜ਼ ਰਿਜ਼ਰਵ ਵਿੱਚ ਰਹਿੰਦਾ ਸੀ

ਲਿਖਣ ਵਾਲਾ ਖੇਤਰ: 1 ਸਾਲ ਪਹਿਲਾਂ ਦੀ ਰਿਹਾਇਸ਼ ਦੇ ਸ਼ਹਿਰ, ਨਗਰਪਾਲਿਕਾ, ਕਸਬੇ, ਪਿੰਡ ਜਾਂ ਫਸਟ ਨੇਸ਼ਨਜ਼ ਰਿਜ਼ਰਵ ਦਾ ਨਾਮ ਦੱਸੋ।

ਲਿਖਣ ਵਾਲਾ ਖੇਤਰ: ਸੂਬਾ ਜਾਂ ਪ੍ਰਦੇਸ਼

ਲਿਖਣ ਵਾਲਾ ਖੇਤਰ:  ਪੋਸਟਲ ਕੋਡ

ਜਵਾਬ ਵਿਕਲਪ 5: ਕੈਨੇਡਾ ਤੋਂ ਬਾਹਰ ਰਹਿੰਦਾ ਸੀ

ਲਿਖਣ ਵਾਲਾ ਖੇਤਰ: 1 ਸਾਲ ਪਹਿਲਾਂ ਦੀ ਰਿਹਾਇਸ਼ ਦਾ ਦੇਸ਼ ਦੱਸੋ

### 33. ਇਹ ਵਿਅਕਤੀ 5 ਸਾਲ ਪਹਿਲਾਂ, ਯਾਨੀ 12 ਮਈ, 2021 ਨੂੰ ਕਿੱਥੇ ਰਹਿੰਦਾ ਸੀ?

ਸਿਰਫ਼ ਇੱਕ ਵਿਕਲਪ ਦੱਸੋ।

ਨੋਟ: ਚੌਥਾ ਵਿਕਲਪ ਚੁਣਨ ਵਾਲਿਆਂ ਲਈ:

ਫਸਟ ਨੇਸ਼ਨ ਦੇ ਨਾਮ ਦੀ ਬਜਾਏ ਕਮਿਊਨਿਟੀ, ਨਗਰਪਾਲਿਕਾ ਜਾਂ ਫਸਟ ਨੇਸ਼ਨਜ਼ ਰਿਜ਼ਰਵ ਦੀ ਪਛਾਣ ਕਰੋ।

ਉਦਾਹਰਣ ਲਈ:

- Northlands Denesuline First Nation ਦੀ ਬਜਾਏ Lac Brochet 197A, Manitoba
- Paul First Nation ਦੀ ਬਜਾਏ Wabamun 133A, Alberta
- Deh Gáh Got'ie Dene First Nation ਦੀ ਬਜਾਏ Fort Providence, Northwest Territories
- Eabametoong First Nation ਦੀ ਬਜਾਏ Fort Hope 64, Ontario
- Les Innus de Ekuanitshit ਦੀ ਬਜਾਏ Mingan, Quebec

ਜਵਾਬ ਵਿਕਲਪ 1: 12 ਮਈ, 2021 ਤੋਂ ਬਾਅਦ ਜਨਮੇ

ਜਵਾਬ ਵਿਕਲਪ 2: ਉਸੇ ਪਤੇ 'ਤੇ ਰਹਿੰਦਾ ਸੀ ਜੋ ਹੁਣ ਹੈ

ਜਵਾਬ ਵਿਕਲਪ 3: ਇੱਕੋ ਸ਼ਹਿਰ, ਨਗਰਪਾਲਿਕਾ, ਕਸਬੇ, ਪਿੰਡ ਜਾਂ ਫਸਟ ਨੇਸ਼ਨਜ਼ ਰਿਜ਼ਰਵ ਵਿੱਚ ਇੱਕ ਵੱਖਰੇ ਪਤੇ 'ਤੇ ਰਹਿੰਦਾ ਸੀ

ਜਵਾਬ ਵਿਕਲਪ 4: ਕੈਨੇਡਾ ਵਿੱਚ ਕਿਸੇ ਵੱਖਰੇ ਸ਼ਹਿਰ, ਨਗਰਪਾਲਿਕਾ, ਕਸਬੇ, ਪਿੰਡ ਜਾਂ ਫਸਟ ਨੇਸ਼ਨਜ਼ ਰਿਜ਼ਰਵ ਵਿੱਚ ਰਹਿੰਦਾ ਸੀ

ਲਿਖਣ ਵਾਲਾ ਖੇਤਰ: 5 ਸਾਲ ਪਹਿਲਾਂ ਦੀ ਰਿਹਾਇਸ਼ ਦੇ ਸ਼ਹਿਰ, ਨਗਰਪਾਲਿਕਾ, ਕਸਬੇ, ਪਿੰਡ ਜਾਂ ਫਸਟ ਨੇਸ਼ਨਜ਼ ਰਿਜ਼ਰਵ ਦਾ ਨਾਮ ਦੱਸੋ।

ਲਿਖਣ ਵਾਲਾ ਖੇਤਰ: ਸੂਬਾ ਜਾਂ ਪ੍ਰਦੇਸ਼

ਲਿਖਣ ਵਾਲਾ ਖੇਤਰ: ਪੋਸਟਲ ਕੋਡ

ਜਵਾਬ ਵਿਕਲਪ 5: ਕੈਨੇਡਾ ਤੋਂ ਬਾਹਰ ਰਹਿੰਦਾ ਸੀ

ਲਿਖਣ ਵਾਲਾ ਖੇਤਰ: 5 ਸਾਲ ਪਹਿਲਾਂ ਦੀ ਰਿਹਾਇਸ਼ ਦਾ ਦੇਸ਼ ਦੱਸੋ

## ਬੇਘਰ ਹੋਣਾ

34. ਬੇਘਰ ਹੋਣ ਦੇ ਤਜ਼ਰਬਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਪਿਛਲੇ 12 ਮਹੀਨਿਆਂ ਵਿੱਚ, ਕੀ ਇਹ ਵਿਅਕਤੀ ਕਿਸੇ ਸ਼ੈਲਟਰ ਵਿੱਚ, ਸੜਕ ਤੇ ਜਾਂ ਪਾਰਕਾਂ ਵਿੱਚ, ਕਿਸੇ ਅਸਥਾਈ ਸ਼ੈਲਟਰ ਵਿੱਚ, ਕਿਸੇ ਵਾਹਨ ਵਿੱਚ, ਜਾਂ ਕਿਸੇ ਤਿਆਗੀ ਗਈ ਇਮਾਰਤ ਵਿੱਚ ਰਿਹਾ ਹੈ?

ਜਵਾਬ ਵਿਕਲਪ 1: ਹਾਂ

ਜਵਾਬ ਵਿਕਲਪ 2: ਨਹੀਂ

35. ਹੋਰ ਕਿਸਮਾਂ ਦੀਆਂ ਰਿਹਾਇਸ਼ੀ ਚੁਣੌਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਪਿਛਲੇ 12 ਮਹੀਨਿਆਂ ਵਿੱਚ, ਕੀ ਇਹ ਵਿਅਕਤੀ ਆਪਣੇ ਦੋਸਤਾਂ, ਪਰਿਵਾਰ ਜਾਂ ਹੋਰ ਲੋਕਾਂ ਨਾਲ ਅਸਥਾਈ ਤੌਰ 'ਤੇ ਰਿਹਾ ਹੈ ਕਿਉਂਕਿ ਉਨ੍ਹਾਂ ਕੋਲ ਰਹਿਣ ਲਈ ਹੋਰ ਕੋਈ ਥਾਂ ਨਹੀਂ ਸੀ?

ਉਹਨਾਂ ਵਿੱਚ ਅਸਥਾਈ ਰਹਿਣ ਦੇ ਪ੍ਰਬੰਧ ਸ਼ਾਮਲ ਕਰੋ ਜਿੱਥੇ ਵਿਅਕਤੀ ਕੋਲ ਆਪਣਾ ਸਥਾਈ ਘਰ ਪ੍ਰਾਪਤ ਕਰਨ ਲਈ ਸਾਧਨ ਨਹੀਂ ਸਨ (ਵਿਅਕਤੀ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰ ਰਿਹਾ ਸੀ, ਦੁਰਵਿਵਹਾਰ ਤੋਂ ਭੱਜ ਰਿਹਾ ਸੀ, ਹਾਲ ਹੀ ਵਿੱਚ ਘਰ ਤੋਂ ਕੱਢਿਆ ਗਿਆ ਸੀ, ਆਦਿ)।

ਛੁੱਟੀਆਂ, ਪਰਿਵਾਰਕ ਮੁਲਾਕਾਤਾਂ, ਜਾਂ ਹੋਰ ਸਵੈ-ਇੱਛਤ ਥੋੜ੍ਹੇ ਸਮੇਂ ਲਈ ਰਹਿਣ ਨੂੰ ਸ਼ਾਮਲ ਨਾ ਕਰੋ।

ਜਵਾਬ ਵਿਕਲਪ 1: ਹਾਂ

ਕੀ ਇਹ ਵਿਅਕਤੀ ਇਸ ਵੇਲੇ ਇਸ ਘਰ ਵਿੱਚ ਅਸਥਾਈ ਤੌਰ 'ਤੇ ਰਹਿ ਰਿਹਾ ਹੈ ਕਿਉਂਕਿ ਉਨ੍ਹਾਂ ਕੋਲ ਰਹਿਣ ਲਈ ਹੋਰ ਕੋਈ ਥਾਂ ਨਹੀਂ ਹੈ?

ਜਵਾਬ ਵਿਕਲਪ 1: ਹਾਂ

ਜਵਾਬ ਵਿਕਲਪ 2: ਨਹੀਂ

ਜਵਾਬ ਵਿਕਲਪ 2: ਨਹੀਂ

36 ਤੋਂ 59 ਤੱਕ ਦੇ ਸਵਾਲ ਸਿਰਫ਼ 15 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਵਿਅਕਤੀਆਂ (12 ਮਈ, 2011 ਤੋਂ ਪਹਿਲਾਂ ਪੈਦਾ ਹੋਏ) ਲਈ ਪੁੱਛੇ ਜਾਂਦੇ ਹਨ।

ਇਹ ਸਵਾਲ ਜਿਨਸੀ ਰੁਝਾਨ ਬਾਰੇ ਜਾਣਕਾਰੀ ਇਕੱਠੀ ਕਰਦਾ ਹੈ ਤਾਂ ਜੋ ਉਹਨਾਂ ਪ੍ਰੋਗਰਾਮਾਂ ਨੂੰ ਸੂਚਿਤ ਕੀਤਾ ਜਾ ਸਕੇ ਜੋ ਕੈਨੇਡਾ ਵਿੱਚ ਰਹਿਣ ਵਾਲੇ ਹਰੇਕ ਵਿਅਕਤੀ ਨੂੰ ਇਸਦੇ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਜੀਵਨ ਵਿੱਚ ਹਿੱਸਾ ਲੈਣ ਦੇ ਬਰਾਬਰ ਮੌਕੇ ਪ੍ਰਦਾਨ ਕਰਦੇ ਹਨ।

36. ਇਸ ਵਿਅਕਤੀ ਦਾ ਜਿਨਸੀ ਰੁਝਾਨ ਕੀ ਹੈ?

ਜਿਨਸੀ ਰੁਝਾਨ ਤੋਂ ਭਾਵ ਹੈ ਕਿ ਕੋਈ ਵਿਅਕਤੀ ਆਪਣੀ ਲਿੰਗਕਤਾ ਦਾ ਵਰਣਨ ਕਿਵੇਂ ਕਰਦਾ ਹੈ।

ਜਵਾਬ ਵਿਕਲਪ 1: ਵਿਪਰੀਤ ਲਿੰਗੀ (ਭਾਵ, ਸਟ੍ਰੇਟ)

ਜਵਾਬ ਵਿਕਲਪ 2: ਲੈਸਬੀਅਨ ਜਾਂ ਗੇ

ਜਵਾਬ ਵਿਕਲਪ 3: ਬਾਇਸੈਕਸੁਅਲ (ਦੋ-ਲਿੰਗੀ) ਜਾਂ ਪੈਨਸੈਕਸੁਅਲ

ਲਿਖਣ ਵਾਲਾ ਖੇਤਰ: ਜਾਂ ਕਿਰਪਾ ਕਰਕੇ ਇਸ ਵਿਅਕਤੀ ਦਾ ਜਿਨਸੀ ਰੁਝਾਨ ਦੱਸੋ

## ਸਿੱਖਿਆ

### 37. ਕੀ ਇਸ ਵਿਅਕਤੀ ਨੇ ਹਾਈ ਸਕੂਲ (ਸੈਕੰਡਰੀ ਸਕੂਲ) ਡਿਪਲੋਮਾ ਜਾਂ ਇਸਦੇ ਬਰਾਬਰ ਦੀ ਪੜ੍ਹਾਈ ਪੂਰੀ ਕੀਤੀ ਹੈ?

ਕੈਨੇਡਾ ਵਿੱਚ ਜਾਂ ਕੈਨੇਡਾ ਤੋਂ ਬਾਹਰ ਪ੍ਰਾਪਤ ਕੀਤੀਆਂ ਯੋਗਤਾਵਾਂ ਸ਼ਾਮਲ ਕਰੋ।

ਹਾਈ ਸਕੂਲ ਸਮਾਨਤਾ ਸਰਟੀਫਿਕੇਟ ਦੇ ਉਦਾਹਰਣ ਜਨਰਲ ਐਜੂਕੇਸ਼ਨਲ ਡਿਵੈਲਪਮੈਂਟ (GED) ਅਤੇ ਐਡਲਟ ਬੇਸਿਕ ਐਜੂਕੇਸ਼ਨ (ABE) ਹਨ।

ਹਾਈ ਸਕੂਲ ਡਿਪਲੋਮਾ ਜਾਂ ਸਰਟੀਫਿਕੇਟ

ਜਵਾਬ ਵਿਕਲਪ 1: ਹਾਂ, ਹਾਈ ਸਕੂਲ ਡਿਪਲੋਮਾ

ਜਵਾਬ ਵਿਕਲਪ 2: ਹਾਂ, ਹਾਈ ਸਕੂਲ ਸਮਾਨਤਾ ਸਰਟੀਫਿਕੇਟ

ਜਵਾਬ ਵਿਕਲਪ 3: ਨਹੀਂ

### 38. a) ਕੀ ਇਸ ਵਿਅਕਤੀ ਨੇ ਰਜਿਸਟਰਡ ਅਪ੍ਰੈਂਟਿਸਸ਼ਿਪ ਜਾਂ ਹੋਰ ਟ੍ਰੇਡਜ਼ ਸਰਟੀਫਿਕੇਟ ਜਾਂ ਡਿਪਲੋਮਾ ਪੂਰਾ ਕੀਤਾ ਹੈ?

ਕੈਨੇਡਾ ਵਿੱਚ ਜਾਂ ਕੈਨੇਡਾ ਤੋਂ ਬਾਹਰ ਪ੍ਰਾਪਤ ਕੀਤੀਆਂ ਯੋਗਤਾਵਾਂ ਸ਼ਾਮਲ ਕਰੋ।

ਲਾਗੂ ਹੋਣ ਵਾਲੇ ਸਾਰੇ ਦੱਸੋ।

ਉਦਾਹਰਣ ਵਜੋਂ, ਹੇਅਰਸਟਾਈਲਿੰਗ, ਕੁਕਿੰਗ, ਇਲੈਕਟ੍ਰੀਸ਼ੀਅਨ, ਕਾਰਪੈਂਟਰੀ।

**ਰਜਿਸਟਰਡ ਅਪ੍ਰੈਂਟਿਸਸ਼ਿਪ ਜਾਂ ਟ੍ਰੇਡਜ਼ ਸਰਟੀਫਿਕੇਟ ਜਾਂ ਡਿਪਲੋਮਾ**

ਜਵਾਬ ਵਿਕਲਪ 1: ਹਾਂ, ਸਰਟੀਫਿਕੇਟ ਔਫ ਅਪ੍ਰੈਂਟਿਸਸ਼ਿਪ ਜਾਂ ਸਰਟੀਫਿਕੇਟ ਔਫ ਕੁਆਲੀਫਿਕੇਸ਼ਨ (ਜਰਨੀਪਰਸਨ ਦਾ ਅਹੁਦਾ)

ਜਵਾਬ ਵਿਕਲਪ 2: ਹਾਂ, ਹੋਰ ਟ੍ਰੇਡਜ਼ ਸਰਟੀਫਿਕੇਟ ਜਾਂ ਡਿਪਲੋਮਾ

ਜਵਾਬ ਵਿਕਲਪ 3: ਨਹੀਂ

### 38. b) ਕੀ ਇਸ ਵਿਅਕਤੀ ਨੇ ਕਾਲਜ, CEGEP ਜਾਂ ਹੋਰ ਗੈਰ-ਯੂਨੀਵਰਸਿਟੀ ਸਰਟੀਫਿਕੇਟ ਜਾਂ ਡਿਪਲੋਮਾ ਪੂਰਾ ਕੀਤਾ ਹੈ?

ਕੈਨੇਡਾ ਵਿੱਚ ਜਾਂ ਕੈਨੇਡਾ ਤੋਂ ਬਾਹਰ ਪ੍ਰਾਪਤ ਕੀਤੀਆਂ ਯੋਗਤਾਵਾਂ ਸ਼ਾਮਲ ਕਰੋ।

ਉੱਪਰ ਸਵਾਲ 38. a) ਵਿੱਚ ਦੱਸੇ ਗਏ ਕਿਸੇ ਵੀ ਸਰਟੀਫਿਕੇਟ ਜਾਂ ਡਿਪਲੋਮੇ ਨੂੰ ਸ਼ਾਮਲ ਨਾ ਕਰੋ।

ਲਾਗੂ ਹੋਣ ਵਾਲੇ ਸਾਰੇ ਦੱਸੋ।

ਉਦਾਹਰਣ ਵਜੋਂ, ਸਿਹਤ ਸਹਾਇਕ, ਕਾਨੂੰਨ ਲਾਗੂ ਕਰਨ ਵਾਲਾ, ਇਨਫਰਮੇਸ਼ਨ ਤਕਨਾਲੋਜੀ, ਯੁਵਾ ਸੇਵਾਵਾਂ, ਅਧਿਆਪਨ ਸਹਾਇਕ, ਜੰਗਲਾਤ ਤਕਨਾਲੋਜੀ।

ਕਾਲਜ, CEGEP ਜਾਂ ਹੋਰ ਗੈਰ-ਯੂਨੀਵਰਸਿਟੀ ਸਰਟੀਫਿਕੇਟ ਜਾਂ ਡਿਪਲੋਮਾ

ਜਵਾਬ ਵਿਕਲਪ 1: ਹਾਂ, 3 ਮਹੀਨਿਆਂ ਤੋਂ ਘੱਟ ਸਮੇਂ ਦੇ ਪ੍ਰੋਗਰਾਮ ਤੋਂ ਸਰਟੀਫਿਕੇਟ ਜਾਂ ਡਿਪਲੋਮਾ

ਜਵਾਬ ਵਿਕਲਪ 2: ਹਾਂ, 3 ਮਹੀਨੇ ਤੋਂ 1 ਸਾਲ ਤੋਂ ਘੱਟ ਦੇ ਪ੍ਰੋਗਰਾਮ ਦਾ ਸਰਟੀਫਿਕੇਟ ਜਾਂ ਡਿਪਲੋਮਾ

ਜਵਾਬ ਵਿਕਲਪ 3: ਹਾਂ, 1 ਸਾਲ ਤੋਂ 2 ਸਾਲ ਤੋਂ ਘੱਟ ਦੇ ਪ੍ਰੋਗਰਾਮ ਦਾ ਸਰਟੀਫਿਕੇਟ ਜਾਂ ਡਿਪਲੋਮਾ

ਜਵਾਬ ਵਿਕਲਪ 4: ਹਾਂ, 2-ਸਾਲਾ ਪ੍ਰੋਗਰਾਮ ਤੋਂ ਸਰਟੀਫਿਕੇਟ ਜਾਂ ਡਿਪਲੋਮਾ

ਜਵਾਬ ਵਿਕਲਪ 5: ਹਾਂ, 2 ਸਾਲਾਂ ਤੋਂ ਵੱਧ ਸਮੇਂ ਦੇ ਪ੍ਰੋਗਰਾਮ ਤੋਂ ਸਰਟੀਫਿਕੇਟ ਜਾਂ ਡਿਪਲੋਮਾ

ਜਵਾਬ ਵਿਕਲਪ 6: ਨਹੀਂ

### 38. c) ਕੀ ਇਸ ਵਿਅਕਤੀ ਨੇ ਯੂਨੀਵਰਸਿਟੀ ਤੋਂ ਸਰਟੀਫਿਕੇਟ, ਡਿਪਲੋਮਾ ਜਾਂ ਡਿਗਰੀ ਪੂਰੀ ਕੀਤੀ ਹੈ?

ਕੈਨੇਡਾ ਵਿੱਚ ਜਾਂ ਕੈਨੇਡਾ ਤੋਂ ਬਾਹਰ ਪ੍ਰਾਪਤ ਕੀਤੀਆਂ ਯੋਗਤਾਵਾਂ ਸ਼ਾਮਲ ਕਰੋ।

ਲਾਗੂ ਹੋਣ ਵਾਲੇ ਸਾਰੇ ਦੱਸੋ।

ਯੂਨੀਵਰਸਿਟੀ ਸਰਟੀਫਿਕੇਟ, ਡਿਪਲੋਮਾ ਜਾਂ ਡਿਗਰੀ

ਜਵਾਬ ਵਿਕਲਪ 1: ਹਾਂ, ਬੈਚਲਰ ਪੱਧਰ ਤੋਂ ਘੱਟ ਯੂਨੀਵਰਸਿਟੀ ਸਰਟੀਫਿਕੇਟ ਜਾਂ ਡਿਪਲੋਮਾ

ਜਵਾਬ ਵਿਕਲਪ 2: ਹਾਂ, ਬੈਚਲਰਜ਼ ਡਿਗਰੀ (ਉਦਾਹਰਣ ਵਜੋਂ, B.A., B.A.(ਆਨਰਜ਼), B.Sc., B.Ed., LL.B.)

ਜਵਾਬ ਵਿਕਲਪ 3: ਹਾਂ, ਬੈਚਲਰ ਪੱਧਰ ਤੋਂ ਉੱਪਰ ਦਾ ਯੂਨੀਵਰਸਿਟੀ ਸਰਟੀਫਿਕੇਟ ਜਾਂ ਡਿਪਲੋਮਾ

ਜਵਾਬ ਵਿਕਲਪ 4: ਹਾਂ, ਮੈਡੀਸਨ, ਦੰਦਾਂ ਦੇ ਇਲਾਜ, ਵੈਟਰਨਰੀ ਮੈਡੀਸਨ ਜਾਂ ਆਪਟੋਮੈਟਰੀ ਵਿੱਚ ਡਿਗਰੀ (MD, DDS, DMD, DVM, OD)

ਜਵਾਬ ਵਿਕਲਪ 5: ਹਾਂ, ਮਾਸਟਰਜ਼ ਡਿਗਰੀ (ਉਦਾਹਰਣ ਵਜੋਂ, M.A., M.Sc., M.Ed., M.B.A.)

ਜਵਾਬ ਵਿਕਲਪ 6: ਹਾਂ, ਡਾਕਟਰੇਟ ਪ੍ਰਾਪਤ ਕੀਤੀ (ਉਦਾਹਰਣ ਵਜੋਂ, Ph.D.)

ਜਵਾਬ ਵਿਕਲਪ 7: ਨਹੀਂ

39. ਇਸ ਵਿਅਕਤੀ ਨੇ ਜਿਹੜਾ ਉੱਚਤਮ ਸਰਟੀਫਿਕੇਟ, ਡਿਪਲੋਮਾ ਜਾਂ ਡਿਗਰੀ ਪੂਰੀ ਕੀਤੀ, ਉਸ ਵਿੱਚੋਂ ਪੜ੍ਹਾਈ ਦਾ ਮੁੱਖ ਖੇਤਰ ਕੀ ਸੀ?

ਕਿਰਪਾ ਕਰਕੇ ਖਾਸ ਤੌਰ 'ਤੇ ਦੱਸੋ।

ਉਦਾਹਰਣ ਵਜੋਂ, ਆਟੋਮੋਬਾਈਲ ਮਕੈਨਿਕਸ, ਕੁਦਰਤੀ ਸਰੋਤਾਂ ਦੀ ਸੰਭਾਲ, ਰਜਿਸਟਰਡ ਨਰਸਿੰਗ, ਸਿਵਲ ਇੰਜੀਨੀਅਰਿੰਗ, ਭਾਰੀ ਉਪਕਰਣਾਂ ਦਾ ਸੰਚਾਲਨ, ਅਰਲੀ ਚਾਇਲਡਹੁੱਡ ਐਜੂਕੇਸ਼ਨ, ਰਾਜਨੀਤੀ ਵਿਗਿਆਨ।

ਹੇਠਾਂ ਦਿੱਤੇ ਅਨੁਸਾਰ ਵੱਡੇ ਅੱਖਰਾਂ ਵਿੱਚ ਲਿਖੋ:

COMPUTER ENGINEERING TECHNOLOGY

ਲਿਖਣ ਵਾਲਾ ਖੇਤਰ: ਉੱਚਤਮ ਸਰਟੀਫਿਕੇਟ, ਡਿਪਲੋਮਾ ਜਾਂ ਡਿਗਰੀ ਦੀ ਪੜ੍ਹਾਈ ਦਾ ਮੁੱਖ ਖੇਤਰ

ਜਾਂ

ਜਵਾਬ ਵਿਕਲਪ: ਹਾਈ ਸਕੂਲ ਤੋਂ ਉੱਪਰ ਕੋਈ ਸਰਟੀਫਿਕੇਟ, ਡਿਪਲੋਮਾ ਜਾਂ ਡਿਗਰੀ ਨਹੀਂ → ਸਵਾਲ 41 a) ਤੇ ਜਾਓ

### 40. ਇਸ ਵਿਅਕਤੀ ਨੇ ਕਿਸ ਸੂਬੇ, ਖੇਤਰ ਜਾਂ ਦੇਸ਼ ਵਿੱਚ ਆਪਣਾ ਉੱਚਤਮ ਸਰਟੀਫਿਕੇਟ, ਡਿਪਲੋਮਾ ਜਾਂ ਡਿਗਰੀ ਪੂਰੀ ਕੀਤੀ?

ਲਿਖਣ ਵਾਲਾ ਖੇਤਰ: ਕੈਨੇਡਾ ਵਿੱਚ—ਪ੍ਰਾਂਤ ਜਾਂ ਖੇਤਰ ਦੱਸੋ

ਜਾਂ

ਲਿਖਣ ਵਾਲਾ ਖੇਤਰ: ਕੈਨੇਡਾ ਤੋਂ ਬਾਹਰ—ਦੇਸ਼ ਦੱਸੋ

### 41. a) ਕੀ ਇਹ ਵਿਅਕਤੀ ਸਤੰਬਰ 2025 ਅਤੇ ਮਈ 2026 ਦੇ ਵਿਚਕਾਰ ਕਿਸੇ ਵੀ ਸਮੇਂ ਸਕੂਲ, ਜਿਵੇਂ ਕਿ ਹਾਈ ਸਕੂਲ, ਕਾਲਜ, CEGEP ਜਾਂ ਯੂਨੀਵਰਸਿਟੀ ਵਿੱਚ ਪੜ੍ਹ ਰਿਹਾ ਸੀ?

ਸਿਰਫ਼ ਉਹਨਾਂ ਕੋਰਸਾਂ ਲਈ ਹਾਜ਼ਰੀ ਦੀ ਰਿਪੋਰਟ ਕਰੋ ਜਿਨ੍ਹਾਂ ਨੂੰ ਸਰਟੀਫਿਕੇਟ, ਡਿਪਲੋਮਾ ਜਾਂ ਡਿਗਰੀ ਲਈ ਕ੍ਰੈਡਿਟਾਂ ਵਜੋਂ ਵਰਤਿਆ ਜਾ ਸਕਦਾ ਹੈ। ਕ੍ਰੈਡਿਟ ਲਈ ਡਿਸਟੈਂਸ ਲਰਨਿੰਗ (Distance learning) ਸ਼ਾਮਲ ਹੈ।

ਸਤੰਬਰ 2025 ਅਤੇ ਮਈ 2026 ਦੇ ਵਿਚਕਾਰ ਕਿਸੇ ਵੀ ਸਮੇਂ ਹਾਜ਼ਰੀ

ਜਵਾਬ ਵਿਕਲਪ 1: ਹਾਂ → ਅਗਲੇ ਸਵਾਲ ਨਾਲ ਜਾਰੀ ਰੱਖੋ

ਜਵਾਬ ਵਿਕਲਪ 2: ਨਹੀਂ, ਸਤੰਬਰ 2025 ਅਤੇ ਮਈ 2026 ਦੇ ਵਿਚਕਾਰ ਕਿਸੇ ਵੀ ਸਮੇਂ ਸਕੂਲ ਨਹੀਂ ਜਾ ਰਿਹਾ ਸੀ। → ਸਵਾਲ 42 'ਤੇ ਜਾਓ

### 41. b) ਇਹ ਵਿਅਕਤੀ ਕਿਸ ਕਿਸਮ ਦੇ ਸਕੂਲ ਵਿੱਚ ਪੜ੍ਹ ਰਿਹਾ ਸੀ?

ਲਾਗੂ ਹੋਣ ਵਾਲੇ ਸਾਰੇ ਦੱਸੋ।

ਸਤੰਬਰ 2025 ਅਤੇ ਮਈ 2026 ਦੇ ਵਿਚਕਾਰ ਕਿਸੇ ਵੀ ਸਮੇਂ

ਜਵਾਬ ਵਿਕਲਪ 1: ਐਲੀਮੈਂਟਰੀ, ਜੂਨੀਅਰ ਹਾਈ ਸਕੂਲ ਜਾਂ ਹਾਈ ਸਕੂਲ ਵਿੱਚ ਪੜ੍ਹ ਰਿਹਾ ਸੀ

ਜਵਾਬ ਵਿਕਲਪ 2: ਕਾਲਜ, CEGEP, ਬਿਜ਼ਨਸ ਸਕੂਲ, ਤਕਨੀਕੀ ਸੰਸਥਾ, ਟ੍ਰੇਡ ਸਕੂਲ ਜਾਂ ਹੋਰ ਗੈਰ-ਯੂਨੀਵਰਸਿਟੀ ਸੰਸਥਾ ਵਿੱਚ ਪੜ੍ਹ ਰਿਹਾ ਸੀ

ਜਵਾਬ ਵਿਕਲਪ 3: ਯੂਨੀਵਰਸਿਟੀ ਵਿੱਚ ਪੜ੍ਹ ਰਿਹਾ ਸੀ

## ਲੇਬਰ ਮਾਰਕਿਟ ਗਤੀਵਿਧੀਆਂ

ਨੋਟ: ਹੇਠਾਂ ਦਿੱਤੇ ਗਏ ਬਹੁਤ ਸਾਰੇ ਸਵਾਲ ਐਤਵਾਰ, 3 ਮਈ ਤੋਂ ਸ਼ਨੀਵਾਰ, 9 ਮਈ, 2026 ਤੱਕ ਦੇ ਹਫ਼ਤੇ ਦਾ ਹਵਾਲਾ ਦਿੰਦੇ ਹਨ।

### 42. ਐਤਵਾਰ, 3 ਮਈ ਤੋਂ ਸ਼ਨੀਵਾਰ, 9 ਮਈ, 2026 ਦੇ ਹਫ਼ਤੇ ਦੌਰਾਨ, ਇਸ ਵਿਅਕਤੀ ਨੇ ਤਨਖਾਹ ਜਾਂ ਸਵੈ-ਰੁਜ਼ਗਾਰ ਲਈ ਕੰਮ ਕਰਨ ਵਿੱਚ ਕਿੰਨੇ ਘੰਟੇ ਬਿਤਾਏ?

ਕਿਰਪਾ ਕਰਕੇ 3 ਮਈ ਤੋਂ 9 ਮਈ, 2026 ਦੇ ਹਫ਼ਤੇ ਦੌਰਾਨ ਕੀਤੀਆਂ ਗਈਆਂ ਸਾਰੀਆਂ ਨੌਕਰੀਆਂ 'ਤੇ ਤਨਖਾਹ ਜਾਂ ਸਵੈ-ਰੁਜ਼ਗਾਰ ਲਈ ਕੰਮ ਕੀਤੇ ਘੰਟਿਆਂ ਦੀ ਕੁੱਲ ਗਿਣਤੀ ਦਰਜ ਕਰੋ।

ਘੰਟਿਆਂ ਦੀ ਉਸ ਗਿਣਤੀ ਨੂੰ ਛੱਡ ਦਿਓ:

- ਜਦੋਂ ਬਿਮਾਰੀ, ਛੁੱਟੀਆਂ ਜਾਂ ਕਿਸੇ ਹੋਰ ਕਾਰਨ ਕਰਕੇ ਕੰਮ 'ਤੇ ਨਹੀਂ ਸੀ।

ਘੰਟਿਆਂ ਦੀ ਉਸ ਗਿਣਤੀ ਨੂੰ ਸ਼ਾਮਲ ਕਰੋ ਜਦੋਂ:

- ਤਨਖਾਹ, ਵੇਤਨ, ਟਿਪਸ ਜਾਂ ਕਮਿਸ਼ਨ ਲਈ ਕੰਮ ਕਰ ਰਹੇ ਸੀ
- ਓਵਰਟਾਈਮ ਕੰਮ ਕਰ ਰਹੇ ਸੀ
- ਕਲਾ ਅਤੇ ਸ਼ਿਲਪਕਾਰੀ ਬਣਾਉਣਾ, ਵੇਚਣਾ ਜਾਂ ਉਨ੍ਹਾਂ ਦਾ ਵਪਾਰ ਕਰ ਰਹੇ ਸੀ
- ਕਾਰੋਬਾਰ ਚਲਾ ਰਹੇ ਸੀ
- ਟ੍ਰੈਪਿੰਗ, ਸ਼ਿਕਾਰ ਕਰ ਅਤੇ ਮੱਛੀਆਂ ਫੜ ਰਹੇ ਸੀ (ਮਨੋਰੰਜਨ ਦੀ ਗਤੀਵਿਧੀ ਨੂੰ ਛੱਡ ਕੇ)
- ਸ਼ਿਕਾਰ, ਮੱਛੀ ਫੜਨ ਜਾਂ ਟ੍ਰੈਪ ਕਰਨ ਲਈ ਵਰਤੇ ਜਾਣ ਵਾਲੇ ਸਾਮਾਨ ਨੂੰ ਠੀਕ ਕਰ ਰਹੇ ਸੀ
- ਗਾਈਡ ਵਜੋਂ ਕੰਮ ਕਰ ਰਹੇ ਸੀ।

Commented [PA1]: Repeated from 2AL

ਲਿਖਣ ਵਾਲਾ ਖੇਤਰ: ਘੰਟਿਆਂ ਦੀ ਗਿਣਤੀ (ਨੇੜਲੇ ਘੰਟੇ ਤੱਕ) → ਸਵਾਲ 45 'ਤੇ ਜਾਓ

ਜਾਂ

ਜਵਾਬ ਵਿਕਲਪ: ਕੋਈ ਨਹੀਂ → ਅਗਲੇ ਸਵਾਲ ਨਾਲ ਜਾਰੀ ਰੱਖੋ

### 43. ਕੀ ਇਹ ਵਿਅਕਤੀ 3 ਮਈ ਤੋਂ 9 ਮਈ, 2026 ਦੇ ਹਫ਼ਤੇ ਦੌਰਾਨ ਅਸਥਾਈ ਛਾਂਟੀ (lay-off) 'ਤੇ ਸੀ ਜਾਂ ਆਪਣੀ ਨੌਕਰੀ ਜਾਂ ਕਾਰੋਬਾਰ ਤੋਂ ਗੈਰਹਾਜ਼ਰ ਸੀ?

ਸਿਰਫ਼ ਇੱਕ ਵਿਕਲਪ ਦੱਸੋ।

ਜਵਾਬ ਵਿਕਲਪ 1: ਨਹੀਂ

ਜਵਾਬ ਵਿਕਲਪ 2: ਨਹੀਂ, ਸੇਵਾਮੁਕਤ

ਜਵਾਬ ਵਿਕਲਪ 3: ਹਾਂ, ਅਗਲੇ 6 ਮਹੀਨਿਆਂ ਦੇ ਅੰਦਰ ਵਾਪਸ ਬੁਲਾਏ ਜਾਣ ਦੇ ਸੰਕੇਤ ਦੇ ਨਾਲ ਨੌਕਰੀ ਤੋਂ ਅਸਥਾਈ ਛਾਂਟੀ 'ਤੇ

ਜਵਾਬ ਵਿਕਲਪ 4: ਹਾਂ, ਛੁੱਟੀ 'ਤੇ, ਬਿਮਾਰ, ਹੜਤਾਲ 'ਤੇ ਜਾਂ ਤਾਲਾਬੰਦੀ 'ਤੇ, ਜਾਂ ਹੋਰ ਕਾਰਨਾਂ ਕਰਕੇ ਗੈਰਹਾਜ਼ਰ

### 44. ਇਸ ਵਿਅਕਤੀ ਨੇ ਆਖਰੀ ਵਾਰ ਕਦੋਂ ਤਨਖਾਹ 'ਤੇ ਜਾਂ ਸਵੈ-ਰੁਜ਼ਗਾਰ ਵਿੱਚ ਕੰਮ ਕੀਤਾ ਸੀ, ਭਾਵੇਂ ਕੁਝ ਦਿਨਾਂ ਲਈ ਹੀ ਕਿਉਂ ਨਾ ਹੋਵੇ?

ਸਿਰਫ਼ ਇੱਕ ਵਿਕਲਪ ਦੱਸੋ।

ਜਵਾਬ ਵਿਕਲਪ 1: 2026 ਵਿੱਚ → ਅਗਲੇ ਸਵਾਲ ਨਾਲ ਜਾਰੀ ਰੱਖੋ

ਜਵਾਬ ਵਿਕਲਪ 2: 2025 ਵਿੱਚ → ਅਗਲੇ ਸਵਾਲ ਨਾਲ ਜਾਰੀ ਰੱਖੋ

ਜਵਾਬ ਵਿਕਲਪ 3: 2025 ਤੋਂ ਪਹਿਲਾਂ → ਸਵਾਲ 51 'ਤੇ ਜਾਓ

ਜਵਾਬ ਵਿਕਲਪ 4: ਕਦੇ ਨਹੀਂ → ਸਵਾਲ 51 'ਤੇ ਜਾਓ

ਨੋਟ: ਸਵਾਲ 45 ਤੋਂ 50 ਇਸ ਵਿਅਕਤੀ ਦੀ 3 ਮਈ ਤੋਂ 9 ਮਈ, 2026 ਦੇ ਹਫ਼ਤੇ ਦੌਰਾਨ ਦੀ ਨੌਕਰੀ ਜਾਂ ਕਾਰੋਬਾਰ ਦਾ ਹਵਾਲਾ ਦਿੰਦੇ ਹਨ। ਜੇਕਰ ਇਸ ਵਿਅਕਤੀ ਕੋਲ ਕੋਈ ਨੌਕਰੀ ਨਹੀਂ ਸੀ, ਤਾਂ 1 ਜਨਵਰੀ, 2025 ਤੋਂ ਬਾਅਦ ਸਭ ਤੋਂ ਲੰਬੇ ਸਮੇਂ ਦੀ ਨੌਕਰੀ ਲਈ ਜਵਾਬ ਦਿਓ। ਜੇਕਰ ਇਸ ਵਿਅਕਤੀ ਕੋਲ ਇੱਕ ਤੋਂ ਵੱਧ ਨੌਕਰੀਆਂ ਸਨ, ਤਾਂ ਉਸ ਨੌਕਰੀ ਲਈ ਜਵਾਬ ਦਿਓ ਜਿਸ 'ਤੇ ਉਸਨੇ ਸਭ ਤੋਂ ਵੱਧ ਘੰਟੇ ਕੰਮ ਕੀਤਾ।

### 45. ਇਹ ਵਿਅਕਤੀ ਕਿਸ ਲਈ ਕੰਮ ਕਰਦਾ ਸੀ?

ਕੰਪਨੀ, ਕਾਰੋਬਾਰ, ਸਰਕਾਰੀ ਵਿਭਾਗ ਜਾਂ ਏਜੰਸੀ, ਜਾਂ ਵਿਅਕਤੀ ਦਾ ਪੂਰਾ ਨਾਮ ਦਰਜ ਕਰੋ। ਸਵੈ-ਰੁਜ਼ਗਾਰ ਵਾਲੇ ਵਿਅਕਤੀਆਂ ਲਈ, ਉਨ੍ਹਾਂ ਦੇ ਕਾਰੋਬਾਰ ਦਾ ਨਾਮ ਦਰਜ ਕਰੋ। ਜੇਕਰ ਕਾਰੋਬਾਰ ਦਾ ਕੋਈ ਨਾਮ ਨਹੀਂ ਹੈ, ਤਾਂ "ਸਵੈ-ਰੁਜ਼ਗਾਰ" ਦਰਜ ਕਰੋ।

ਹੇਠਾਂ ਦਿੱਤੇ ਅਨੁਸਾਰ ਵੱਡੇ ਅੱਖਰਾਂ ਵਿੱਚ ਲਿਖੋ:

ਫਰਮ, ਸਰਕਾਰੀ ਵਿਭਾਗ, ਆਦਿ ਦਾ ਨਾਮ।

ABC CONCRETE PRODUCTS LIMITED

ਲਿਖਣ ਵਾਲਾ ਖੇਤਰ: ਦੱਸੋ ਕਿ ਇਹ ਵਿਅਕਤੀ ਕਿਸ ਲਈ ਕੰਮ ਕਰਦਾ ਸੀ

### 46. ਇਹ ਕਿਸ ਤਰ੍ਹਾਂ ਦਾ ਕਾਰੋਬਾਰ, ਉਦਯੋਗ ਜਾਂ ਸੇਵਾ ਸੀ?

ਉਦਾਹਰਨ ਲਈ, ਬੈਂਡ ਪ੍ਰਸ਼ਾਸਨ, ਪੁਲਿਸ, ਮੱਛੀਆਂ ਫੜਨਾ ਜਾਂ ਟ੍ਰੈਪਿੰਗ, ਪ੍ਰਾਇਮਰੀ ਸਕੂਲ, ਕਮਿਊਨਿਟੀ ਹੈਲਥ ਸੈਂਟਰ, ਮਾਲ ਢੋਣ ਵਾਲੀ ਕੰਪਨੀ, ਸੁਤੰਤਰ ਕਲਾਕਾਰ, ਗਰੋਸਰੀ ਸਟੋਰ, ਆਦਿ।

ਲਿਖਣ ਵਾਲਾ ਖੇਤਰ: ਕਾਰੋਬਾਰ, ਉਦਯੋਗ ਜਾਂ ਸੇਵਾ ਦੀ ਕਿਸਮ

### 47. ਇਸ ਵਿਅਕਤੀ ਦਾ ਕੰਮ ਜਾਂ ਪੇਸ਼ਾ ਕੀ ਸੀ?

ਉਦਾਹਰਣ ਵਜੋਂ, ਮੈਂਬਰਸ਼ਿਪ ਕਲਰਕ, ਪੁਲਿਸ ਅਧਿਕਾਰੀ, ਫਿਸ਼ਰ ਜਾਂ ਟ੍ਰੈਪਰ, ਪ੍ਰਾਇਮਰੀ ਸਕੂਲ ਅਧਿਆਪਕ, ਕਮਿਊਨਿਟੀ ਹੈਲਥ ਨਰਸ, ਟਰੱਕ ਡਰਾਈਵਰ, ਕਾਰੀਗਰ, ਸਟੋਰ ਕਲਰਕ, ਆਦਿ।

ਲਿਖਣ ਵਾਲਾ ਖੇਤਰ: ਪੇਸ਼ਾ

### 48. ਇਸ ਕੰਮ ਵਿੱਚ, ਇਸ ਵਿਅਕਤੀ ਦੀਆਂ ਮੁੱਖ ਗਤੀਵਿਧੀਆਂ ਕੀ ਸਨ?

ਉਦਾਹਰਨ ਲਈ, ਬੈਂਡ ਮੈਂਬਰਾਂ ਨੂੰ ਰਜਿਸਟਰ ਕਰਨਾ, ਕਾਨੂੰਨ ਲਾਗੂ ਕਰਨਾ, ਮੱਛੀਆਂ ਫੜਨਾ ਅਤੇ ਸਾਫ਼ ਕਰਨਾ ਜਾਂ ਜਾਨਵਰਾਂ ਦੀ ਚਮੜੀ ਉਤਾਰਨਾ, ਗ੍ਰੇਡ 2 ਨੂੰ ਪੜ੍ਹਾਉਣਾ, ਮਰੀਜ਼ਾਂ ਦਾ ਇਲਾਜ ਕਰਨਾ, ਟਰੱਕ ਚਲਾਉਣਾ, ਪੱਥਰ ਜਾਂ ਲੱਕੜ ਦੀ ਨੱਕਾਸ਼ੀ ਕਰਨਾ, ਕੈਸ਼ ਰਜਿਸਟਰ ਚਲਾਉਣਾ, ਆਦਿ।

ਲਿਖਣ ਵਾਲਾ ਖੇਤਰ: ਮੁੱਖ ਗਤੀਵਿਧੀਆਂ

ਨੋਟ: ਸਵਾਲ 49 ਤੋਂ 50 ਇਸ ਵਿਅਕਤੀ ਦੀ 3 ਮਈ ਤੋਂ 9 ਮਈ, 2026 ਦੇ ਹਫ਼ਤੇ ਦੌਰਾਨ ਦੀ ਨੌਕਰੀ ਜਾਂ ਕਾਰੋਬਾਰ ਦਾ ਹਵਾਲਾ ਦਿੰਦੇ ਹਨ। ਜੇਕਰ ਇਸ ਵਿਅਕਤੀ ਕੋਲ ਕੋਈ ਨੌਕਰੀ ਨਹੀਂ ਸੀ, ਤਾਂ 1 ਜਨਵਰੀ, 2025 ਤੋਂ ਬਾਅਦ ਸਭ ਤੋਂ ਲੰਬੇ ਸਮੇਂ ਦੀ ਨੌਕਰੀ ਲਈ ਜਵਾਬ ਦਿਓ। ਜੇਕਰ ਇਸ ਵਿਅਕਤੀ ਕੋਲ ਇੱਕ ਤੋਂ ਵੱਧ ਨੌਕਰੀਆਂ ਸਨ, ਤਾਂ ਉਸ ਨੌਕਰੀ ਲਈ ਜਵਾਬ ਦਿਓ ਜਿਸ 'ਤੇ ਉਸਨੇ ਸਭ ਤੋਂ ਵੱਧ ਘੰਟੇ ਕੰਮ ਕੀਤਾ।

### 49. ਕੀ ਇਹ ਵਿਅਕਤੀ ਕਰਮਚਾਰੀ ਸੀ ਜਾਂ ਸਵੈ-ਰੁਜ਼ਗਾਰ ਵਾਲਾ ਸੀ?

ਜੇਕਰ ਇਸ ਵਿਅਕਤੀ ਕੋਲ ਇੱਕ ਤੋਂ ਵੱਧ ਨੌਕਰੀਆਂ ਸਨ, ਤਾਂ ਉਸ ਨੌਕਰੀ ਲਈ ਜਵਾਬ ਦਿਓ ਜਿਸ 'ਤੇ ਉਸਨੇ ਸਭ ਤੋਂ ਵੱਧ ਘੰਟੇ ਕੰਮ ਕੀਤਾ। ਜੇਕਰ ਇਸ ਵਿਅਕਤੀ ਨੇ 3 ਮਈ ਤੋਂ 9 ਮਈ, 2026 ਦੇ ਹਫ਼ਤੇ ਦੌਰਾਨ ਕੋਈ ਨੌਕਰੀ ਨਹੀਂ ਕੀਤੀ, ਤਾਂ 1 ਜਨਵਰੀ, 2025 ਤੋਂ ਬਾਅਦ ਸਭ ਤੋਂ ਲੰਬੇ ਸਮੇਂ ਦੀ ਨੌਕਰੀ ਲਈ ਜਵਾਬ ਦਿਓ।

ਸਿਰਫ਼ ਇੱਕ ਵਿਕਲਪ ਦੱਸੋ।

ਜਵਾਬ ਵਿਕਲਪ 1: ਕਰਮਚਾਰੀ - ਸਥਾਈ ਅਹੁਦਾ (ਕੋਈ ਨਿਸ਼ਚਿਤ ਸਮਾਪਤੀ ਮਿਤੀ ਨਹੀਂ) → ਸਵਾਲ 51 'ਤੇ ਜਾਓ

ਜਵਾਬ ਵਿਕਲਪ 2: ਕਰਮਚਾਰੀ - ਨਿਸ਼ਚਿਤ-ਮਿਆਦ ਦਾ ਅਹੁਦਾ (1 ਸਾਲ ਜਾਂ ਵੱਧ) → ਸਵਾਲ 51 'ਤੇ ਜਾਓ

ਜਵਾਬ ਵਿਕਲਪ 3: ਕਰਮਚਾਰੀ - ਅਨਿਸ਼ਚਿਤ (Casual), ਮੌਸਮੀ ਜਾਂ ਥੋੜ੍ਹੇ ਸਮੇਂ ਦਾ ਅਹੁਦਾ (1 ਸਾਲ ਤੋਂ ਘੱਟ) → ਸਵਾਲ 51 'ਤੇ ਜਾਓ

ਜਵਾਬ ਵਿਕਲਪ 4: ਪਰਿਵਾਰਕ ਕਾਰੋਬਾਰ ਜਾਂ ਫਾਰਮ ਵਿੱਚ ਆਪਣੇ ਪਤੀ/ਪਤਨੀ ਜਾਂ ਕਿਸੇ ਹੋਰ ਰਿਸ਼ਤੇਦਾਰ ਲਈ ਬਿਨਾਂ ਤਨਖਾਹ ਵਾਲਾ ਪਰਿਵਾਰਕ ਕਰਮਚਾਰੀ (ਵੇਤਨ ਜਾਂ ਤਨਖਾਹ ਦੇ ਬਿਨਾਂ) → ਸਵਾਲ 51 'ਤੇ ਜਾਓ

ਜਵਾਬ ਵਿਕਲਪ 5: ਤਨਖਾਹ ਵਾਲੇ ਕਰਮਚਾਰੀਆਂ ਤੋਂ ਬਿਨਾਂ ਸਵੈ-ਰੁਜ਼ਗਾਰ (ਇਕੱਲੇ ਜਾਂ ਭਾਈਵਾਲੀ ਵਿੱਚ)

ਜਵਾਬ ਵਿਕਲਪ 6: ਤਨਖਾਹ ਵਾਲੇ ਕਰਮਚਾਰੀਆਂ ਨਾਲ ਸਵੈ-ਰੁਜ਼ਗਾਰ (ਇਕੱਲੇ ਜਾਂ ਭਾਈਵਾਲੀ ਵਿੱਚ)

### 50. ਕੀ ਇਸ ਵਿਅਕਤੀ ਦਾ ਫਾਰਮ ਜਾਂ ਕਾਰੋਬਾਰ ਨਿਗਮਿਤ (incorporated) ਸੀ?

ਜਵਾਬ ਵਿਕਲਪ 1: ਨਹੀਂ

ਜਵਾਬ ਵਿਕਲਪ 2: ਹਾਂ

ਸਵਾਲ 51 ਤੋਂ 53, 15 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਉਨ੍ਹਾਂ ਵਿਅਕਤੀਆਂ ਲਈ ਪੁੱਛੇ ਜਾ ਰਹੇ ਹਨ ਜਿਨ੍ਹਾਂ ਨੇ 3 ਮਈ ਤੋਂ 9 ਮਈ, 2026 ਦੇ ਹਫ਼ਤੇ ਦੌਰਾਨ ਕੰਮ ਨਹੀਂ ਕੀਤਾ। ਜੇਕਰ ਇਹ ਵਿਅਕਤੀ 65 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਸੀ, ਸਵਾਲ 43 ਵਿੱਚ ਉਸਨੇ "ਨਹੀਂ, ਸੇਵਾਮੁਕਤ" ਅਤੇ ਸਵਾਲ 44 ਵਿੱਚ "2025 ਤੋਂ ਪਹਿਲਾਂ" ਜਵਾਬ ਦਿੱਤਾ ਹੈ, ਤਾਂ ਸਵਾਲ 60 'ਤੇ ਜਾਓ।

51. ਕੀ ਇਸ ਵਿਅਕਤੀ ਨੇ 12 ਅਪ੍ਰੈਲ ਤੋਂ 9 ਮਈ, 2026 ਤੱਕ ਦੇ ਚਾਰ ਹਫ਼ਤਿਆਂ ਦੌਰਾਨ ਤਨਖਾਹ ਵਾਲਾ ਕੰਮ ਲੱਭਿਆ ਸੀ?

ਉਦਾਹਰਨ ਲਈ, ਕੀ ਇਸ ਵਿਅਕਤੀ ਨੇ ਕਿਸੇ ਰੁਜ਼ਗਾਰ ਕੇਂਦਰ ਨਾਲ ਸੰਪਰਕ ਕੀਤਾ, ਰੋਜ਼ਗਾਰਦਾਤਾਵਾਂ ਨਾਲ ਸੰਪਰਕ ਕੀਤਾ, ਇੰਟਰਨੈੱਟ 'ਤੇ ਵਿਗਿਆਪਨ ਦਿੱਤੇ ਜਾਂ ਉਨ੍ਹਾਂ ਦੇ ਜਵਾਬ ਦਿੱਤੇ, ਆਦਿ?

ਸਿਰਫ਼ ਇੱਕ ਵਿਕਲਪ ਦੱਸੋ।

ਜਵਾਬ ਵਿਕਲਪ 1: ਨਹੀਂ

ਜਵਾਬ ਵਿਕਲਪ 2: ਹਾਂ, ਫੁੱਲ-ਟਾਈਮ ਕੰਮ ਦੀ ਭਾਲ ਕੀਤੀ → ਸਵਾਲ 53 'ਤੇ ਜਾਓ

ਜਵਾਬ ਵਿਕਲਪ 3: ਹਾਂ, ਪਾਰਟ-ਟਾਈਮ ਕੰਮ (ਹਫ਼ਤੇ ਵਿੱਚ 30 ਘੰਟੇ ਤੋਂ ਘੱਟ) ਦੀ ਭਾਲ ਕੀਤੀ→ ਸਵਾਲ 53 'ਤੇ ਜਾਓ

52. ਕੀ 3 ਮਈ ਤੋਂ 9 ਮਈ, 2026 ਦੇ ਹਫ਼ਤੇ ਦੌਰਾਨ, ਇਸ ਵਿਅਕਤੀ ਕੋਲ ਅਗਲੇ ਚਾਰ ਹਫ਼ਤਿਆਂ ਦੇ ਅੰਦਰ ਨਵੀਂ ਨੌਕਰੀ ਸ਼ੁਰੂ ਕਰਨ ਲਈ ਨਿਸ਼ਚਿਤ ਪ੍ਰਬੰਧ ਸਨ?

ਜਵਾਬ ਵਿਕਲਪ 1: ਨਹੀਂ

ਜਵਾਬ ਵਿਕਲਪ 2: ਹਾਂ

53. ਕੀ ਇਹ ਵਿਅਕਤੀ ਐਤਵਾਰ, 3 ਮਈ ਤੋਂ ਸ਼ਨੀਵਾਰ, 9 ਮਈ, 2026 ਦੇ ਹਫ਼ਤੇ ਦੌਰਾਨ ਕੋਈ ਨੌਕਰੀ ਸ਼ੁਰੂ ਕਰ ਸਕਦਾ ਸੀ, ਜੇਕਰ ਕੋਈ ਉਪਲਬਧ ਹੁੰਦੀ?

ਸਿਰਫ਼ ਇੱਕ ਵਿਕਲਪ ਦੱਸੋ।

ਜਵਾਬ ਵਿਕਲਪ 1: ਹਾਂ, ਨੌਕਰੀ ਸ਼ੁਰੂ ਕਰ ਸਕਦਾ ਸੀ

ਜਵਾਬ ਵਿਕਲਪ 2: ਨਹੀਂ, ਉਸ ਕੋਲ ਪਹਿਲਾਂ ਹੀ ਨੌਕਰੀ ਸੀ

ਜਵਾਬ ਵਿਕਲਪ 3: ਨਹੀਂ, ਬਿਮਾਰੀ ਜਾਂ ਅਪੰਗਤਾ ਦੇ ਕਾਰਨ

ਜਵਾਬ ਵਿਕਲਪ 4: ਨਹੀਂ, ਨਿੱਜੀ ਜਾਂ ਪਰਿਵਾਰਕ ਜ਼ਿੰਮੇਵਾਰੀਆਂ ਕਰਕੇ

ਜਵਾਬ ਵਿਕਲਪ 5: ਨਹੀਂ, ਸਕੂਲ ਜਾ ਰਿਹਾ ਹਾਂ

ਜਵਾਬ ਵਿਕਲਪ 6: ਨਹੀਂ, ਹੋਰ ਕਾਰਨ

ਨੋਟ: ਸਵਾਲ 54. a) ਅਤੇ 54. b) 3 ਮਈ ਤੋਂ 9 ਮਈ, 2026 ਦੇ ਹਫ਼ਤੇ ਦੌਰਾਨ ਇਸ ਵਿਅਕਤੀ ਦੀ ਨੌਕਰੀ ਜਾਂ ਕਾਰੋਬਾਰ ਦਾ ਹਵਾਲਾ ਦਿੰਦੇ ਹਨ। ਜੇਕਰ ਇਸ ਵਿਅਕਤੀ ਕੋਲ ਕੋਈ ਨੌਕਰੀ ਨਹੀਂ ਸੀ, ਤਾਂ 1 ਜਨਵਰੀ, 2025 ਤੋਂ ਬਾਅਦ ਸਭ ਤੋਂ ਲੰਬੇ ਸਮੇਂ ਦੀ ਨੌਕਰੀ ਲਈ ਜਵਾਬ ਦਿਓ। ਜੇਕਰ ਇਸ ਵਿਅਕਤੀ ਕੋਲ ਇੱਕ ਤੋਂ ਵੱਧ ਨੌਕਰੀਆਂ ਸਨ, ਤਾਂ ਉਸ ਨੌਕਰੀ ਲਈ ਜਵਾਬ ਦਿਓ ਜਿਸ 'ਤੇ ਉਸਨੇ ਸਭ ਤੋਂ ਵੱਧ ਘੰਟੇ ਕੰਮ ਕੀਤਾ।

54. a) ਇਸ ਨੌਕਰੀ ਵਿੱਚ, ਇਹ ਵਿਅਕਤੀ ਨਿਯਮਿਤ ਤੌਰ 'ਤੇ ਕਿਹੜੀ ਭਾਸ਼ਾ(ਭਾਸ਼ਾਵਾਂ) ਦੀ ਵਰਤੋਂ ਕਰਦਾ ਸੀ?

ਜਵਾਬ ਵਿਕਲਪ 1: ਅੰਗਰੇਜ਼ੀ

ਜਵਾਬ ਵਿਕਲਪ 2: ਫ੍ਰੈਂਚ

ਲਿਖਣ ਵਾਲਾ ਖੇਤਰ: ਹੋਰ ਭਾਸ਼ਾ(ਭਾਸ਼ਾਵਾਂ)—ਦੱਸੋ

ਜੇਕਰ ਇਹ ਵਿਅਕਤੀ ਸਵਾਲ 54. a) ਵਿੱਚ ਸਿਰਫ਼ ਇੱਕ ਭਾਸ਼ਾ ਦੱਸਦਾ ਹੈ, ਤਾਂ ਸਵਾਲ 55 ਤੇ ਜਾਓ।

54. b) ਇਹਨਾਂ ਭਾਸ਼ਾਵਾਂ ਵਿੱਚੋਂ, ਇਸ ਵਿਅਕਤੀ ਨੇ ਇਸ ਕੰਮ ਵਿੱਚ ਸਭ ਤੋਂ ਵੱਧ ਕਿਹੜੀ ਭਾਸ਼ਾ ਦੀ ਵਰਤੋਂ ਕੀਤੀ?

ਇੱਕ ਤੋਂ ਵੱਧ ਭਾਸ਼ਾਵਾਂ ਤਾਂ ਹੀ ਦੱਸੋ ਜੇਕਰ ਉਹਨਾਂ ਨੂੰ ਕੰਮ 'ਤੇ ਬਰਾਬਰ ਵਰਤਿਆ ਜਾਂਦਾ ਸੀ।

ਜਵਾਬ ਵਿਕਲਪ 1: ਅੰਗਰੇਜ਼ੀ

ਜਵਾਬ ਵਿਕਲਪ 2: ਫ੍ਰੈਂਚ

ਲਿਖਣ ਵਾਲਾ ਖੇਤਰ: ਹੋਰ ਭਾਸ਼ਾ - ਦੱਸੋ

ਇਹ ਸਵਾਲ ਸਿਰਫ਼ 15 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਵਿਅਕਤੀਆਂ ਲਈ ਹਨ ਜਿੰਨ੍ਹਾਂ ਕੋਲ ਨੌਕਰੀ ਸੀ ਜਾਂ ਜੋ ਐਤਵਾਰ, 3 ਮਈ ਤੋਂ ਸ਼ਨੀਵਾਰ, 9 ਮਈ, 2026 ਦੇ ਹਫ਼ਤੇ ਦੌਰਾਨ ਆਪਣੀ ਨੌਕਰੀ ਜਾਂ ਕਾਰੋਬਾਰ ਤੋਂ ਗੈਰਹਾਜ਼ਰ ਸਨ।

55. ਇੱਕ ਆਮ ਕੰਮ ਵਾਲੇ ਹਫ਼ਤੇ ਵਿੱਚ, ਇਹ ਵਿਅਕਤੀ ਹੇਠ ਲਿਖੀਆਂ ਥਾਵਾਂ ਵਿੱਚੋਂ ਕਿਸ 'ਤੇ ਕੰਮ ਕਰਦਾ ਹੈ?

ਲਾਗੂ ਹੋਣ ਵਾਲੇ ਸਾਰੇ ਦੱਸੋ।

ਜੇਕਰ ਇਸ ਵਿਅਕਤੀ ਕੋਲ ਇੱਕ ਤੋਂ ਵੱਧ ਨੌਕਰੀਆਂ ਸਨ, ਤਾਂ ਉਸ ਨੌਕਰੀ ਲਈ ਜਵਾਬ ਦਿਓ ਜਿਸ 'ਤੇ ਉਸਨੇ ਸਭ ਤੋਂ ਵੱਧ ਘੰਟੇ ਕੰਮ ਕੀਤਾ।

ਫਸਟ ਨੇਸ਼ਨ ਦੇ ਨਾਮ ਦੀ ਬਜਾਏ ਕਮਿਊਨਿਟੀ, ਨਗਰਪਾਲਿਕਾ ਜਾਂ ਫਸਟ ਨੇਸ਼ਨਜ਼ ਰਿਜ਼ਰਵ ਦੀ ਪਛਾਣ ਕਰੋ।

ਉਦਾਹਰਣ ਲਈ:

- Northlands Denesuline First Nation ਦੀ ਬਜਾਏ Lac Brochet 197A, Manitoba
- Paul First Nation ਦੀ ਬਜਾਏ Wabamun 133A, Alberta
- Deh Gáh Got'ie Dene First Nation ਦੀ ਬਜਾਏ Fort Providence, Northwest Territories
- Eabametoong First Nation ਦੀ ਬਜਾਏ Fort Hope 64, Ontario
- Les Innus de Ekuanitshit ਦੀ ਬਜਾਏ Mingan, Quebec

ਉਨ੍ਹਾਂ ਦੇ ਘਰ ਤੋਂ ਬਾਹਰ ਕੰਮ ਵਾਲੀ ਥਾਂ ਵਾਲੇ ਵਿਅਕਤੀਆਂ ਲਈ, ਪਤਾ ਪ੍ਰਦਾਨ ਕਰੋ। ਜੇਕਰ ਸੜਕ ਦਾ ਪਤਾ ਅਗਿਆਤ ਹੈ ਜਾਂ ਜੇਕਰ ਪਤਾ ਪੋਸਟ ਆਫਿਸ ਬਾਕਸ ਹੈ, ਤਾਂ ਇਮਾਰਤ ਜਾਂ ਨਜ਼ਦੀਕੀ ਸੜਕ ਦਾ ਚੌਰਾਹਾ ਦੱਸੋ। ਪੋਸਟ ਆਫਿਸ ਬਾਕਸ ਨੰਬਰ ਨਾ ਦਿਓ।

ਜੇਕਰ ਕੰਮ ਦਾ ਪਤਾ ਰੋਜ਼ਗਾਰਦਾਤਾ ਦੇ ਪਤੇ ਤੋਂ ਵੱਖਰਾ ਹੈ, ਤਾਂ ਕਿਰਪਾ ਕਰਕੇ ਉਹ ਪਤਾ ਪ੍ਰਦਾਨ ਕਰੋ ਜਿੱਥੇ ਇਹ ਵਿਅਕਤੀ ਅਸਲ ਵਿੱਚ ਕੰਮ ਕਰਦਾ ਹੈ। ਉਦਾਹਰਣ ਵਜੋਂ, ਸਕੂਲ ਅਧਿਆਪਕਾਂ ਨੂੰ ਆਪਣੇ ਸਕੂਲ ਦਾ ਪਤਾ ਦੇਣਾ ਚਾਹੀਦਾ ਹੈ, ਸਕੂਲ ਬੋਰਡ ਦਾ ਪਤਾ ਨਹੀਂ।

ਜਵਾਬ ਵਿਕਲਪ 1: ਘਰ ਵਿੱਚ ਕੰਮ ਕੀਤਾ (ਫਾਰਮਾਂ ਸਮੇਤ) → ਸਵਾਲ 58 'ਤੇ ਜਾਓ

ਜਵਾਬ ਵਿਕਲਪ 2: ਕੈਨੇਡਾ ਤੋਂ ਬਾਹਰ ਕੰਮ ਕੀਤਾ → ਸਵਾਲ 58 'ਤੇ ਜਾਓ

ਜਵਾਬ ਵਿਕਲਪ 3: ਕੰਮ ਵਾਲੀ ਥਾਂ ਦਾ ਕੋਈ ਪੱਕਾ ਸਥਾਨ ਨਹੀਂ → ਅਗਲੇ ਸਵਾਲ ਨਾਲ ਜਾਰੀ ਰੱਖੋ

ਜਵਾਬ ਵਿਕਲਪ 4: ਹੇਠਾਂ ਦੱਸੇ ਗਏ ਘਰ ਤੋਂ ਬਾਹਰ ਇੱਕ ਨਿਸ਼ਚਿਤ ਕਾਰਜ ਸਥਾਨ 'ਤੇ ਕੰਮ ਕੀਤਾ

ਲਿਖਣ ਵਾਲਾ ਖੇਤਰ: ਸੜਕ ਦਾ ਪਤਾ

ਲਿਖਣ ਵਾਲਾ ਖੇਤਰ: ਸ਼ਹਿਰ, ਨਗਰਪਾਲਿਕਾ, ਕਸਬਾ, ਪਿੰਡ ਜਾਂ ਫਸਟ ਨੇਸ਼ਨਜ਼ ਰਿਜ਼ਰਵ (ਉਦਾਹਰਣ ਦੇਖੋ)

ਸੂਬਾ ਜਾਂ ਪ੍ਰਦੇਸ਼

ਜਵਾਬ ਵਿਕਲਪ 1: ਨਿਊਫਾਊਂਡਲੈਂਡ ਅਤੇ ਲੈਬਰਾਡੋਰ

ਜਵਾਬ ਵਿਕਲਪ 2: ਪ੍ਰਿੰਸ ਐਡਵਰਡ ਆਈਲੈਂਡ

ਜਵਾਬ ਵਿਕਲਪ 3: ਨੋਵਾ ਸਕੋਸ਼ੀਆ

ਜਵਾਬ ਵਿਕਲਪ 4: ਨਿਊ ਬਰੰਜ਼ਵਿਕ

ਜਵਾਬ ਵਿਕਲਪ 5: ਕਿਊਬੇਕ

ਜਵਾਬ ਵਿਕਲਪ 6: ਓਨਟੈਰੀਓ

ਜਵਾਬ ਵਿਕਲਪ 7: ਮੈਨੀਟੋਬਾ

ਜਵਾਬ ਵਿਕਲਪ 8: ਸਸਕੈਚਵਨ

ਜਵਾਬ ਵਿਕਲਪ 9: ਅਲਬਰਟਾ

ਜਵਾਬ ਵਿਕਲਪ 10: ਬ੍ਰਿਟਿਸ਼ ਕੋਲੰਬੀਆ

ਜਵਾਬ ਵਿਕਲਪ 11: ਯੁਕੌਨ

ਜਵਾਬ ਵਿਕਲਪ 12: ਨੌਰਥਵੈਸਟ ਟੇਰੇਟੌਰੀਜ਼

ਜਵਾਬ ਵਿਕਲਪ 13: ਨੁਨਾਵੁਤ

ਲਿਖਣ ਵਾਲਾ ਖੇਤਰ: ਪੋਸਟਲ ਕੋਡ

### 56. a) ਇੱਕ ਆਮ ਕੰਮ ਵਾਲੇ ਹਫ਼ਤੇ ਵਿੱਚ, ਇਹ ਵਿਅਕਤੀ ਕੰਮ 'ਤੇ ਜਾਣ ਲਈ ਆਉਣ-ਜਾਣ ਦੇ ਕਿਹੜੇ ਸਾਧਨ ਵਰਤਦਾ ਹੈ?

ਹਾਈਬ੍ਰਿਡ ਕਰਮਚਾਰੀ ਕੰਮ 'ਤੇ ਆਉਣ-ਜਾਣ ਵਾਲੇ ਦਿਨਾਂ ਲਈ ਜਵਾਬ ਦੇਣ।

ਇਹਨਾਂ ਲਈ "ਸਬਵੇ ਜਾਂ ਐਲੀਵੇਟਿਡ ਰੇਲ" ਦੱਸੋ:

- ਵੈਨਕੂਵਰ ਸਕਾਈਟ੍ਰੇਨ
- ਟੋਰਾਂਟੋ ਸਬਵੇ
- ਮਾਂਟਰੀਅਲ ਮੈਟਰੋ

ਇਹਨਾਂ ਲਈ "ਲਾਈਟ ਰੇਲ, ਸਟ੍ਰੀਟਕਾਰ ਜਾਂ ਕਮਿਊਟਰ ਟ੍ਰੇਨ" ਦੱਸੋ:

- ਵੈਨਕੂਵਰ ਵੈਸਟ ਕੋਸਟ ਐਕਸਪ੍ਰੈਸ
- ਕੈਲਗਰੀ ਸੀਟ੍ਰੇਨ

- ਐਡਮੰਟਨ LRT
- ਟੋਰਾਂਟੋ ਸਟ੍ਰੀਟਕਾਰਾਂ
- ਟੋਰਾਂਟੋ ਗੋ ਟ੍ਰੇਨ
- ਓਟਾਵਾ ਓ-ਟ੍ਰੇਨ
- ਮਾਂਟਰੀਅਲ ਕਮਿਊਟਰ ਟ੍ਰੇਨਾਂ
- ਮਾਂਟਰੀਅਲ REM
- ਕਿਚਨਰ-ਵਾਟਰਲੂ ION LRT

ਜਿੰਨੇ ਵੀ ਵਿਕਲਪ ਲਾਗੂ ਹੋਣ, ਦੱਸੋ।

ਜਵਾਬ ਵਿਕਲਪ 1: ਕਾਰ, ਟਰੱਕ ਜਾਂ ਵੈਨ - ਡਰਾਈਵਰ ਦੇ ਤੌਰ 'ਤੇ

ਜਵਾਬ ਵਿਕਲਪ 2: ਕਾਰ, ਟਰੱਕ ਜਾਂ ਵੈਨ - ਇੱਕ ਯਾਤਰੀ ਦੇ ਤੌਰ 'ਤੇ

ਜਵਾਬ ਵਿਕਲਪ 3: ਬੱਸ

ਜਵਾਬ ਵਿਕਲਪ 4: ਸਬਵੇ ਜਾਂ ਐਲੀਵੇਟਿਡ ਰੇਲ

ਜਵਾਬ ਵਿਕਲਪ 5: ਲਾਈਟ ਰੇਲ, ਸਟ੍ਰੀਟਕਾਰ ਜਾਂ ਕਮਿਊਟਰ ਟ੍ਰੇਨ

ਜਵਾਬ ਵਿਕਲਪ 6: ਯਾਤਰੀ ਫੈਰੀ

ਜਵਾਬ ਵਿਕਲਪ 7: ਪੈਦਲ ਕੰਮ 'ਤੇ ਗਏ

ਜਵਾਬ ਵਿਕਲਪ 8: ਸਾਈਕਲ, ਇਲੈਕਟ੍ਰਿਕ ਬਾਈਕ ਜਾਂ ਇਲੈਕਟ੍ਰਿਕ ਸਕੂਟਰ

ਜਵਾਬ ਵਿਕਲਪ 9: ਮੋਟਰਸਾਈਕਲ, ਮੋਟਰਾਈਜ਼ਡ ਸਕੂਟਰ ਜਾਂ ਮੋਪੇਡ

ਜਵਾਬ ਵਿਕਲਪ 10: ਹੋਰ ਤਰੀਕਾ (ਜਿਵੇਂ ਕਿ, ATVs ਅਤੇ ਸਨੋਮੋਬਾਈਲ, ਹਵਾਈ ਜਹਾਜ਼, ਕਿਸ਼ਤੀ)

56. b) ਇੱਕ ਆਮ ਕੰਮ ਵਾਲੇ ਹਫ਼ਤੇ ਵਿੱਚ, ਇਹ ਵਿਅਕਤੀ ਕੰਮ 'ਤੇ ਜਾਣ ਲਈ ਆਉਣ-ਜਾਣ ਦਾ ਕਿਹੜਾ ਮੁੱਖ ਸਾਧਨ ਵਰਤਦਾ ਹੈ?

ਸਿਰਫ਼ ਇੱਕ ਵਿਕਲਪ ਦੱਸੋ।

ਹਾਈਬ੍ਰਿਡ ਕਰਮਚਾਰੀ ਕੰਮ 'ਤੇ ਆਉਣ-ਜਾਣ ਵਾਲੇ ਦਿਨਾਂ ਲਈ ਜਵਾਬ ਦੇਣ।

ਜੇਕਰ ਇਹ ਵਿਅਕਤੀ ਕੰਮ 'ਤੇ ਜਾਣ ਲਈ ਇੱਕ ਤੋਂ ਵੱਧ ਆਉਣ-ਜਾਣ ਦੇ ਸਾਧਨਾਂ ਦੀ ਵਰਤੋਂ ਕਰਦਾ ਹੈ, ਤਾਂ ਜ਼ਿਆਦਾਤਰ ਯਾਤਰਾ ਦੂਰੀ ਲਈ ਵਰਤੇ ਗਏ ਸਾਧਨ 'ਤੇ ਨਿਸ਼ਾਨ ਲਗਾਓ।

ਜਵਾਬ ਵਿਕਲਪ 1: ਕਾਰ, ਟਰੱਕ ਜਾਂ ਵੈਨ - ਡਰਾਈਵਰ ਦੇ ਤੌਰ 'ਤੇ → ਸਵਾਲ 56. c) 'ਤੇ ਜਾਓ

ਜਵਾਬ ਵਿਕਲਪ 2: ਕਾਰ, ਟਰੱਕ ਜਾਂ ਵੈਨ - ਇੱਕ ਯਾਤਰੀ ਦੇ ਤੌਰ 'ਤੇ → ਸਵਾਲ 56. c) 'ਤੇ ਜਾਓ

ਜਵਾਬ ਵਿਕਲਪ 3: ਬੱਸ → ਸਵਾਲ 57. a) 'ਤੇ ਜਾਓ

ਜਵਾਬ ਵਿਕਲਪ 4: ਸਬਵੇ ਜਾਂ ਐਲੀਵੇਟਿਡ ਰੇਲ → ਸਵਾਲ 57. a) 'ਤੇ ਜਾਓ

ਜਵਾਬ ਵਿਕਲਪ 5: ਲਾਈਟ ਰੇਲ, ਸਟ੍ਰੀਟਕਾਰ ਜਾਂ ਕਮਿਊਟਰ ਟ੍ਰੇਨ → ਸਵਾਲ 57. a) 'ਤੇ ਜਾਓ

ਜਵਾਬ ਵਿਕਲਪ 6: ਯਾਤਰੀ ਫੈਰੀ → ਸਵਾਲ 57. a) 'ਤੇ ਜਾਓ

ਜਵਾਬ ਵਿਕਲਪ 7: ਪੈਦਲ ਕੰਮ 'ਤੇ ਗਏ → ਸਵਾਲ 57. a) 'ਤੇ ਜਾਓ

ਜਵਾਬ ਵਿਕਲਪ 8: ਸਾਈਕਲ, ਇਲੈਕਟ੍ਰਿਕ ਬਾਈਕ ਜਾਂ ਇਲੈਕਟ੍ਰਿਕ ਸਕੂਟਰ → ਸਵਾਲ 57. a) 'ਤੇ ਜਾਓ

ਜਵਾਬ ਵਿਕਲਪ 9: ਮੋਟਰਸਾਈਕਲ, ਮੋਟਰਾਈਜ਼ਡ ਸਕੂਟਰ ਜਾਂ ਮੋਪੇਡ → ਸਵਾਲ 57. a) 'ਤੇ ਜਾਓ

ਜਵਾਬ ਵਿਕਲਪ 10: ਹੋਰ ਤਰੀਕਾ → ਸਵਾਲ 57. a) 'ਤੇ ਜਾਓ

56. c) ਇਸ ਵਿਅਕਤੀ ਸਮੇਤ ਕਿੰਨੇ ਕਰਮਚਾਰੀ ਆਮ ਤੌਰ 'ਤੇ ਇਸ ਕਾਰ, ਟਰੱਕ ਜਾਂ ਵੈਨ ਵਿੱਚ ਕੰਮ ਕਰਨ ਲਈ ਜਾਂਦੇ ਹਨ?

ਜਵਾਬ ਵਿਕਲਪ 1: 1 ਕਰਮਚਾਰੀ

ਜਵਾਬ ਵਿਕਲਪ 2: 2 ਕਰਮਚਾਰੀ

ਜਵਾਬ ਵਿਕਲਪ 3: 3 ਜਾਂ ਵੱਧ ਕਰਮਚਾਰੀ

57. a) ਇਸ ਵਿਅਕਤੀ ਦੀ ਕੰਮ 'ਤੇ ਜਾਣ ਦੀ ਯਾਤਰਾ ਆਮ ਤੌਰ 'ਤੇ ਕਿੰਨੇ ਵਜੇ ਸ਼ੁਰੂ ਹੁੰਦੀ ਹੈ?

ਹਾਈਬ੍ਰਿਡ ਕਰਮਚਾਰੀ ਕੰਮ 'ਤੇ ਆਉਣ-ਜਾਣ ਵਾਲੇ ਦਿਨਾਂ ਲਈ ਜਵਾਬ ਦੇਣ।

ਜਵਾਬ ਵਿਕਲਪ 1: ਆਮ ਸਮਾਂ

ਉਹ ਆਮ ਸਮਾਂ ਦੱਸੋ ਜਦੋਂ ਇਹ ਵਿਅਕਤੀ ਕੰਮ ਲਈ ਜਾਣ ਲਈ ਨਿਕਲਦਾ ਹੈ

ਲਿਖਣ ਵਾਲਾ ਖੇਤਰ: ਘੰਟਾ ਦੱਸੋ

ਲਿਖਣ ਵਾਲਾ ਖੇਤਰ: ਮਿੰਟ ਦੱਸੋ

ਜਵਾਬ ਵਿਕਲਪ 1: ਦੁਪਹਿਰ ਤੋਂ ਪਹਿਲਾਂ (a.m.)

ਜਵਾਬ ਵਿਕਲਪ 2: ਦੁਪਹਿਰ ਤੋਂ ਬਾਅਦ (p.m.)

ਜਵਾਬ ਵਿਕਲਪ 2: ਕੋਈ ਆਮ ਸਮਾਂ ਨਹੀਂ (ਉਦਾਹਰਣ ਵਜੋਂ, ਸ਼ਿਫਟ ਕਰਮਚਾਰੀ)

57. b) ਇਸ ਵਿਅਕਤੀ ਦੀ ਕੰਮ 'ਤੇ ਜਾਣ ਦੀ ਯਾਤਰਾ ਆਮ ਤੌਰ 'ਤੇ ਕਿੰਨੇ ਮਿੰਟ ਦੀ ਹੁੰਦੀ ਹੈ?

ਹਾਈਬ੍ਰਿਡ ਕਰਮਚਾਰੀ ਕੰਮ 'ਤੇ ਆਉਣ-ਜਾਣ ਵਾਲੇ ਦਿਨਾਂ ਲਈ ਜਵਾਬ ਦੇਣ।

ਲਿਖਣ ਵਾਲਾ ਖੇਤਰ: ਮਿੰਟਾਂ ਦੀ ਗਿਣਤੀ

ਜਾਂ

ਜਵਾਬ ਵਿਕਲਪ: ਕੋਈ ਆਮ ਮਿਆਦ ਨਹੀਂ

58. ਇਸ ਵਿਅਕਤੀ ਨੇ 2025 ਵਿੱਚ ਕਿੰਨੇ ਹਫ਼ਤੇ ਤਨਖਾਹ ਲਈ ਜਾਂ ਸਵੈ-ਰੁਜ਼ਗਾਰ ਵਿੱਚ ਕੰਮ ਕੀਤਾ?

ਇੱਕ ਸਾਲ ਵਿੱਚ 52 ਹਫ਼ਤੇ ਹੁੰਦੇ ਹਨ।

ਸ਼ਾਮਲ ਕਰੋ:

- ਰੋਜ਼ਗਾਰਦਾਤਾ ਦੁਆਰਾ ਭੁਗਤਾਨ ਕੀਤੀ ਗਈ ਛੁੱਟੀ ਅਤੇ ਬਿਮਾਰੀ ਦੀ ਛੁੱਟੀ

- ਹਫ਼ਤੇ ਜਿੰਨ੍ਹਾਂ ਵਿੱਚ ਪਾਰਟ ਟਾਈਮ ਕੰਮ ਕੀਤਾ, ਭਾਵੇਂ ਕੁਝ ਘੰਟਿਆਂ ਲਈ ਹੀ

ਸ਼ਾਮਲ ਨਾ ਕਰੋ:

- ਹਫ਼ਤੇ ਜਦੋਂ ਤੁਸੀਂ ਗੈਰਹਾਜ਼ਰ ਸੀ ਅਤੇ ਰੋਜ਼ਗਾਰਦਾਤਾ ਦੁਆਰਾ ਭੁਗਤਾਨ ਨਹੀਂ ਕੀਤਾ ਗਿਆ, ਜਿਵੇਂ ਕਿ ਪ੍ਰਸੂਤੀ, ਪੈਤ੍ਰਿਕ ਜਾਂ ਅਪੰਗਤਾ ਸੰਬੰਧੀ ਛੁੱਟੀ, ਆਦਿ।

ਜਵਾਬ ਵਿਕਲਪ: ਕੋਈ ਨਹੀਂ → ਸਵਾਲ 60 ਨਾਲ ਜਾਰੀ ਰੱਖੋ

ਜਾਂ

ਲਿਖਣ ਵਾਲਾ ਖੇਤਰ: ਕੰਮ ਕੀਤੇ ਹਫ਼ਤਿਆਂ ਦੀ ਗਿਣਤੀ (ਰੋਜ਼ਗਾਰਦਾਤਾ ਦੁਆਰਾ ਭੁਗਤਾਨ ਕੀਤੀ ਗਈ ਤਨਖਾਹ ਵਾਲੀ ਛੁੱਟੀ ਅਤੇ ਬਿਮਾਰੀ ਦੀ ਛੁੱਟੀ ਸਮੇਤ ਅਤੇ ਰੋਜ਼ਗਾਰਦਾਤਾ ਦੁਆਰਾ ਭੁਗਤਾਨ ਨਾ ਕੀਤੀ ਗਈ ਗੈਰਹਾਜ਼ਰੀ, ਜਿਵੇਂ ਕਿ ਪ੍ਰਸੂਤੀ, ਪੈਤ੍ਰਿਕ ਜਾਂ ਅਪੰਗਤਾ ਸੰਬੰਧੀ ਛੁੱਟੀ, ਆਦਿ) ਨੂੰ ਛੱਡ ਕੇ। → ਜੇਕਰ ਤੁਸੀਂ ਇਸ ਵਿਅਕਤੀ ਲਈ 1 ਹਫ਼ਤਾ ਜਾਂ ਉਸ ਤੋਂ ਵੱਧ ਸਮਾਂ ਜਵਾਬ ਦਿੱਤਾ ਹੈ ਤਾਂ ਸਵਾਲ 59 'ਤੇ ਜਾਓ।

### 59. 2025 ਵਿੱਚ, ਕੀ ਇਸ ਵਿਅਕਤੀ ਨੇ ਜ਼ਿਆਦਾਤਰ ਫੁੱਲ ਟਾਈਮ ਜਾਂ ਪਾਰਟ ਟਾਈਮ ਕੰਮ ਕੀਤਾ?

ਸਿਰਫ਼ ਇੱਕ ਵਿਕਲਪ ਦੱਸੋ।

ਜਵਾਬ ਵਿਕਲਪ 1: ਫੁੱਲ ਟਾਈਮ (ਹਫ਼ਤੇ ਵਿੱਚ 30 ਘੰਟੇ ਜਾਂ ਉਸ ਤੋਂ ਵੱਧ)

ਜਵਾਬ ਵਿਕਲਪ 2: ਪਾਰਟ ਟਾਈਮ (ਹਫ਼ਤੇ ਵਿੱਚ 30 ਘੰਟੇ ਤੋਂ ਘੱਟ)

ਸਵਾਲ 60 ਸਿਰਫ਼ 13 ਸਾਲ ਅਤੇ ਉਸ ਤੋਂ ਘੱਟ ਉਮਰ ਦੇ ਵਿਅਕਤੀਆਂ (12 ਮਈ, 2012 ਤੋਂ ਬਾਅਦ ਜਨਮੇ) ਲਈ ਪੁੱਛਿਆ ਜਾਂਦਾ ਹੈ।

### 60. 2025 ਵਿੱਚ, ਕੀ ਇਹ ਵਿਅਕਤੀ ਆਮ ਤੌਰ 'ਤੇ ਕਿਸੇ ਵੀ ਬਾਲ ਦੇਖਭਾਲ ਪ੍ਰਬੰਧ (ਉਦਾਹਰਣ ਵਜੋਂ, ਇੱਕ ਡੇਅਕੇਅਰ ਸੈਂਟਰ, ਘਰ ਵਿੱਚ ਅਧਾਰਤ ਬਾਲ ਦੇਖਭਾਲ, ਜਾਂ ਖਰਚਿਆਂ ਦੇ ਨਾਲ ਜਾਂ ਖਰਚਿਆਂ ਤੋਂ ਬਿਨਾਂ ਹੋਰ ਪ੍ਰਬੰਧ) ਵਿੱਚ ਜਾਂਦਾ ਸੀ?

ਸਕੂਲ ਤੋਂ ਪਹਿਲਾਂ ਜਾਂ ਬਾਅਦ ਦੇ ਪ੍ਰੋਗਰਾਮਾਂ ਅਤੇ ਕਿਸੇ ਰਿਸ਼ਤੇਦਾਰ ਜਾਂ ਗੈਰ-ਰਿਸ਼ਤੇਦਾਰ ਦੁਆਰਾ ਨਿਯਮਤ ਤੌਰ 'ਤੇ ਪ੍ਰਦਾਨ ਕੀਤੀ ਜਾਣ ਵਾਲੀ ਦੇਖਭਾਲ ਨੂੰ ਸ਼ਾਮਲ ਕਰੋ।

ਮਾਤਾ-ਪਿਤਾ ਜਾਂ ਸਰਪ੍ਰਸਤ ਦੁਆਰਾ ਪ੍ਰਦਾਨ ਕੀਤੀ ਗਈ ਬਾਲ ਦੇਖਭਾਲ, ਸਕੂਲ ਹਾਜ਼ਰੀ, ਸਕੂਲ ਦੀਆਂ ਛੁੱਟੀਆਂ ਲਈ ਕਦੇ-ਕਦਾਈਂ ਕੀਤੇ ਗਏ ਬਾਲ ਦੇਖਭਾਲ ਪ੍ਰਬੰਧਾਂ ਅਤੇ ਹੋਮਸਕੂਲਿੰਗ ਨੂੰ ਸ਼ਾਮਲ ਨਾ ਕਰੋ।

ਜਵਾਬ ਵਿਕਲਪ 1: ਹਾਂ

2025 ਵਿੱਚ ਇਸ ਬਾਲ ਦੇਖਭਾਲ ਪ੍ਰਬੰਧ ਲਈ ਤੁਹਾਡੇ ਪਰਿਵਾਰ ਦੁਆਰਾ ਅਦਾ ਕੀਤੀ ਗਈ ਕੁੱਲ ਰਕਮ ਦੱਸੋ।

ਪਹਿਲਾਂ ਹੀ ਦੱਸੀ ਗਈ ਕਿਸੇ ਵੀ ਰਕਮ ਨੂੰ ਦੁਬਾਰਾ ਨਾ ਗਿਣੋ।

ਜੇਕਰ ਤੁਹਾਡੇ ਪਰਿਵਾਰ ਨੇ ਬਿਨਾਂ ਕਿਸੇ ਖਰਚੇ ਦੇ ਬਾਲ ਦੇਖਭਾਲ ਦੀ ਵਰਤੋਂ ਕੀਤੀ ਹੈ (ਪੂਰੀ ਤਰ੍ਹਾਂ ਸਬਸਿਡੀ ਵਾਲਾ ਡੇਅਕੇਅਰ, ਕਿਸੇ ਰਿਸ਼ਤੇਦਾਰ ਦੁਆਰਾ ਪ੍ਰਦਾਨ ਕੀਤੀ ਜਾਂਦੀ ਬਾਲ ਦੇਖਭਾਲ, ਆਦਿ), ਤਾਂ "$0 - ਬਿਨਾਂ ਕਿਸੇ ਭੁਗਤਾਨ ਵਾਲੀ ਬਾਲ ਦੇਖਭਾਲ ਦੀ ਵਰਤੋਂ ਕੀਤੀ" ਦੱਸੋ।

ਲਿਖਣ ਵਾਲਾ ਖੇਤਰ: 2025 ਵਿੱਚ ਬੱਚਿਆਂ ਦੀ ਦੇਖਭਾਲ ਲਈ ਅਦਾ ਕੀਤੀ ਗਈ ਕੁੱਲ ਰਕਮ

ਜਾਂ

ਜਵਾਬ ਵਿਕਲਪ: $0 – ਬਿਨਾਂ ਕਿਸੇ ਭੁਗਤਾਨ ਵਾਲੀ ਬਾਲ ਦੇਖਭਾਲ ਦੀ ਵਰਤੋਂ ਕੀਤੀ

ਜਵਾਬ ਵਿਕਲਪ 2: ਨਹੀਂ

ਸਵਾਲ 61 ਅਤੇ 62 ਸਿਰਫ਼ 15 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਵਿਅਕਤੀਆਂ (12 ਮਈ, 2011 ਤੋਂ ਪਹਿਲਾਂ ਜਨਮੇ) ਲਈ ਪੁੱਛੇ ਜਾਂਦੇ ਹਨ।

### 61. 2025 ਵਿੱਚ, ਕੀ ਇਸ ਵਿਅਕਤੀ ਨੇ ਆਪਣੇ ਸਾਬਕਾ ਪਤੀ/ਪਤਨੀ ਜਾਂ ਸਾਥੀ ਨੂੰ ਬੱਚਿਆਂ ਜਾਂ ਜੀਵਨ ਸਾਥੀ ਦੇ ਗੁਜ਼ਾਰੇ ਲਈ ਭੁਗਤਾਨ ਕੀਤੇ ਸਨ?

ਸਹਾਇਤਾ ਭੁਗਤਾਨ ਨਿਯਮਤ ਅਧਾਰ 'ਤੇ ਇੱਕ ਨਿਸ਼ਚਿਤ ਰਕਮ ਦਾ ਭੁਗਤਾਨ ਕਰਨ ਦੇ ਸਮਝੌਤੇ ਦੁਆਰਾ ਕਵਰ ਕੀਤੇ ਜਾਂਦੇ ਹਨ। ਹੋਰ ਸਾਰੇ ਤੋਹਫ਼ਿਆਂ ਜਾਂ ਪੈਸਿਆਂ ਦੇ ਟ੍ਰਾਂਸਫਰਾਂ ਨੂੰ ਸ਼ਾਮਲ ਨਾ ਕਰੋ। ਸਿਰਫ਼ ਅਸਲ ਵਿੱਚ ਅਦਾ ਕੀਤੇ ਗਏ ਸਹਾਇਤਾ ਭੁਗਤਾਨਾਂ ਨੂੰ ਸ਼ਾਮਲ ਕਰੋ।

"ਹਾਂ" ਜਾਂ "ਨਹੀਂ" ਵਿੱਚ ਜਵਾਬ ਦਿਓ। ਜੇਕਰ “ਹਾਂ” ਹੈ, ਤਾਂ 2025 ਲਈ ਕੁੱਲ ਰਕਮ ਵੀ ਦਰਜ ਕਰੋ।

ਜਵਾਬ ਵਿਕਲਪ 1: ਹਾਂ

ਲਿਖਣ ਵਾਲਾ ਖੇਤਰ: 2025 ਲਈ ਕੁੱਲ ਡਾਲਰਾਂ ਦੀ ਰਕਮ

ਜਵਾਬ ਵਿਕਲਪ 2: ਨਹੀਂ

### 62. ਕੀ ਇਹ ਵਿਅਕਤੀ ਇਸ ਰਿਹਾਇਸ਼ ਦਾ ਕਿਰਾਇਆ ਜਾਂ ਮੌਰਗੇਜ, ਟੈਕਸ, ਬਿਜਲੀ, ਆਦਿ, ਅੰਸ਼ਕ ਰੂਪ ਨਾਲ ਜਾਂ ਪੂਰੀ ਤਰ੍ਹਾਂ ਅਦਾ ਕਰਦਾ ਹੈ?

ਜੇਕਰ ਇਹ ਵਿਅਕਤੀ ਇਸ ਰਿਹਾਇਸ਼ ਲਈ ਕਿਰਾਇਆ ਜਾਂ ਮੌਰਗੇਜ, ਟੈਕਸ, ਬਿਜਲੀ, ਆਦਿ ਦਾ ਭੁਗਤਾਨ ਕਰਦਾ ਹੈ, ਤਾਂ "ਹਾਂ" ਕਹੋ, ਭਾਵੇਂ ਇੱਕ ਤੋਂ ਵੱਧ ਵਿਅਕਤੀ ਅਜਿਹੇ ਭੁਗਤਾਨਾਂ ਵਿੱਚ ਯੋਗਦਾਨ ਪਾਉਂਦੇ ਹਨ।

ਇੱਕ ਰਿਹਾਇਸ਼ ਰਹਿਣ ਵਾਲੇ ਕੁਆਰਟਰਾਂ ਦਾ ਇੱਕ ਵੱਖਰਾ ਸਮੂਹ ਹੁੰਦਾ ਹੈ ਜਿਸਦਾ ਬਾਹਰੋਂ ਜਾਂ ਇਮਾਰਤ ਦੇ ਅੰਦਰ ਇੱਕ ਸਾਂਝੇ ਹਾਲਵੇਅ ਜਾਂ ਪੌੜੀਆਂ ਤੋਂ ਇੱਕ ਨਿੱਜੀ ਪ੍ਰਵੇਸ਼ ਦੁਆਰ ਹੁੰਦਾ ਹੈ। ਇਹ ਪ੍ਰਵੇਸ਼ ਦੁਆਰ ਕਿਸੇ ਹੋਰ ਦੇ ਰਹਿਣ ਵਾਲੇ ਕੁਆਰਟਰਾਂ ਵਿੱਚੋਂ ਹੋ ਕੇ ਨਹੀਂ ਜਾਣਾ ਚਾਹੀਦਾ।

ਹੋਰ ਰਿਹਾਇਸ਼ਾਂ (ਬੱਚੇ ਦਾ ਸਕੂਲ ਨਿਵਾਸ, ਸਾਬਕਾ ਪਤੀ/ਪਤਨੀ ਦਾ ਨਿਵਾਸ, ਕੋਈ ਹੋਰ ਰਿਹਾਇਸ਼ ਜਿਸਦੇ ਤੁਸੀਂ ਮਾਲਕ ਹੋ ਸਕਦੇ ਹੋ ਜਾਂ ਜਿਸ ਨੂੰ ਤੁਸੀਂ ਕਿਰਾਏ 'ਤੇ ਲਿਆ ਹੋ ਸਕਦਾ ਹੈ, ਆਦਿ) ਲਈ ਭੁਗਤਾਨਾਂ ਨੂੰ ਸ਼ਾਮਲ ਨਾ ਕਰੋ।

ਜਵਾਬ ਵਿਕਲਪ 1: ਹਾਂ

ਜਵਾਬ ਵਿਕਲਪ 2: ਨਹੀਂ

## ਕਦਮ E

ਇਸ ਰਿਹਾਇਸ਼ ਬਾਰੇ ਸਵਾਲ E1 ਤੋਂ E9 ਦੇ ਜਵਾਬ ਦਿਓ।

ਸਵਾਲ 12 ਮਈ, 2026 ਦਾ ਹਵਾਲਾ ਦਿੰਦੇ ਹਨ, ਜਦੋਂ ਤੱਕ ਕਿ ਕੁਝ ਹੋਰ ਸਪੱਸ਼ਟ ਨਾ ਕੀਤਾ ਗਿਆ ਹੋਵੇ।

ਇੱਕ ਰਿਹਾਇਸ਼ ਰਹਿਣ ਵਾਲੇ ਕੁਆਰਟਰਾਂ ਦਾ ਇੱਕ ਵੱਖਰਾ ਸਮੂਹ ਹੁੰਦਾ ਹੈ ਜਿਸਦਾ ਬਾਹਰੋਂ ਜਾਂ ਇਮਾਰਤ ਦੇ ਅੰਦਰ ਇੱਕ ਸਾਂਝੇ ਹਾਲਵੇਅ ਜਾਂ ਪੌੜੀਆਂ ਤੋਂ ਇੱਕ ਨਿੱਜੀ ਪ੍ਰਵੇਸ਼ ਦੁਆਰ ਹੁੰਦਾ ਹੈ। ਇਹ ਪ੍ਰਵੇਸ਼ ਦੁਆਰ ਕਿਸੇ ਹੋਰ ਦੇ ਰਹਿਣ ਵਾਲੇ ਕੁਆਰਟਰਾਂ ਵਿੱਚੋਂ ਹੋ ਕੇ ਨਹੀਂ ਜਾਣਾ ਚਾਹੀਦਾ।

ਸਵਾਲ E1 a) ਦਾ ਜਵਾਬ ਸਿਰਫ਼ ਤਾਂ ਹੀ ਦਿਓ ਜੇਕਰ ਤੁਸੀਂ ਫਸਟ ਨੇਸ਼ਨਜ਼ ਰਿਜ਼ਰਵ ਜਾਂ ਸੈਟਲਮੈਂਟ ਵਿੱਚ ਹੋ। ਨਹੀਂ ਤਾਂ, ਸਵਾਲ E1 b) ਤੇ ਜਾਓ।

E1. a) ਕੀ ਇਹ ਰਿਹਾਇਸ਼ ਤੁਹਾਨੂੰ ਜਾਂ ਇਸ ਘਰ ਦੇ ਕਿਸੇ ਮੈਂਬਰ ਨੂੰ ਸਥਾਨਕ ਸਰਕਾਰ ਜਾਂ ਫਸਟ ਨੇਸ਼ਨ ਦੁਆਰਾ ਪ੍ਰਦਾਨ ਕੀਤੀ ਗਈ ਹੈ?

ਜਵਾਬ ਵਿਕਲਪ 1: ਹਾਂ → E2 'ਤੇ ਜਾਓ
ਜਵਾਬ ਵਿਕਲਪ 2: ਨਹੀਂ → E1 b) 'ਤੇ ਜਾਓ

E1. b) ਕੀ ਇਹ ਰਿਹਾਇਸ਼:

ਸਿਰਫ਼ ਇੱਕ ਵਿਕਲਪ ਦੱਸੋ।

ਜਵਾਬ ਵਿਕਲਪ 1: ਤੁਹਾਡੀ ਜਾਂ ਇਸ ਘਰ ਦੇ ਕਿਸੇ ਮੈਂਬਰ ਦੀ ਮਲਕੀਅਤ ਹੈ (ਭਾਵੇਂ ਇਸਦਾ ਭੁਗਤਾਨ ਅਜੇ ਵੀ ਕੀਤਾ ਜਾ ਰਿਹਾ ਹੋਵੇ)?

ਜਵਾਬ ਵਿਕਲਪ 2: ਕਿਰਾਏ 'ਤੇ ਹੈ (ਭਾਵੇਂ ਕੋਈ ਨਕਦ ਕਿਰਾਇਆ ਨਹੀਂ ਦਿੱਤਾ ਜਾਂਦਾ ਹੈ)?

E2. ਕੀ ਇਹ ਰਿਹਾਇਸ਼ ਕਿਸੇ ਕੌਂਡੋਮੀਨੀਅਮ ਡਿਵੈਲਪਮੈਂਟ ਦਾ ਹਿੱਸਾ ਹੈ?

- ਜਵਾਬ ਵਿਕਲਪ 1: ਹਾਂ
- ਜਵਾਬ ਵਿਕਲਪ 2: ਨਹੀਂ

E3. a) ਇਸ ਰਿਹਾਇਸ਼ ਵਿੱਚ ਕਿੰਨੇ ਕਮਰੇ ਹਨ?

ਰਸੋਈ, ਬੈੱਡਰੂਮਾਂ, ਐਟਿਕ ਜਾਂ ਬੇਸਮੈਂਟ ਵਿੱਚ ਤਿਆਰ ਕਮਰਿਆਂ, ਆਦਿ ਦੀ ਗਿਣਤੀ ਕਰੋ।

ਸਿਰਫ਼ ਕਾਰੋਬਾਰੀ ਉਦੇਸ਼ਾਂ ਲਈ ਵਰਤੇ ਜਾਣ ਵਾਲੇ ਬਾਥਰੂਮ, ਹਾਲ, ਵੇਸਟਿਬੁਲ ਅਤੇ ਕਮਰੇ ਨਾ ਗਿਣੋ।

ਲਿਖਣ ਵਾਲਾ ਖੇਤਰ: ਕਮਰਿਆਂ ਦੀ ਗਿਣਤੀ ਦੱਸੋ

E3. b) ਇਹਨਾਂ ਵਿੱਚੋਂ ਕਿੰਨੇ ਕਮਰੇ ਬੈੱਡਰੂਮ ਹਨ?

ਉਨ੍ਹਾਂ ਸਾਰੇ ਕਮਰਿਆਂ ਨੂੰ ਗਿਣੋ ਜਿੰਨ੍ਹਾਂ ਨੂੰ ਬੈੱਡਰੂਮਾਂ ਵਜੋਂ ਡਿਜ਼ਾਈਨ ਕੀਤਾ ਗਿਆ ਹੈ, ਭਾਵੇਂ ਉਹ ਹੁਣ ਕਿਸੇ ਹੋਰ ਕੰਮ ਲਈ ਵਰਤੇ ਜਾਂਦੇ ਹੋਣ। ਬੇਸਮੈਂਟ ਵਿੱਚ ਬੈੱਡਰੂਮਾਂ ਨੂੰ ਵੀ ਗਿਣੋ।

ਲਿਖਣ ਵਾਲਾ ਖੇਤਰ: ਬੈੱਡਰੂਮਾਂ ਦੀ ਗਿਣਤੀ ਦੱਸੋ

### E4. ਇਹ ਰਿਹਾਇਸ਼ ਅਸਲ ਵਿੱਚ ਕਦੋਂ ਬਣਾਈ ਗਈ ਸੀ?

ਇਮਾਰਤ ਮੁਕੰਮਲ ਕੀਤੀ ਜਾਣ ਦਾ ਸਮਾਂ ਦੱਸੋ, ਨਾ ਕਿ ਬਾਅਦ ਵਿੱਚ ਕੀਤੀ ਗਈ ਕਿਸੇ ਵੀ ਰੀਮਾਡਲਿੰਗ, ਨਵੇਂ ਸ਼ਾਮਲ ਕੀਤੇ ਗਏ ਹਿੱਸਿਆਂ ਜਾਂ ਤਬਦੀਲੀਆਂ ਦਾ ਸਮਾਂ। ਜੇਕਰ ਸਾਲ ਪਤਾ ਨਹੀਂ ਹੈ, ਤਾਂ ਸਭ ਤੋਂ ਵਧੀਆ ਅਨੁਮਾਨ ਦਿਓ।

ਜਵਾਬ ਵਿਕਲਪ 1: 1920 ਜਾਂ ਇਸ ਤੋਂ ਪਹਿਲਾਂ

ਜਵਾਬ ਵਿਕਲਪ 2: 1921 ਤੋਂ 1945

ਜਵਾਬ ਵਿਕਲਪ 3: 1946 ਤੋਂ 1960

ਜਵਾਬ ਵਿਕਲਪ 4: 1961 ਤੋਂ 1970

ਜਵਾਬ ਵਿਕਲਪ 5: 1971 ਤੋਂ 1980

ਜਵਾਬ ਵਿਕਲਪ 6: 1981 ਤੋਂ 1990

ਜਵਾਬ ਵਿਕਲਪ 7: 1991 ਤੋਂ 1995

ਜਵਾਬ ਵਿਕਲਪ 8: 1996 ਤੋਂ 2000

ਜਵਾਬ ਵਿਕਲਪ 9: 2001 ਤੋਂ 2005

ਜਵਾਬ ਵਿਕਲਪ 10: 2006 ਤੋਂ 2010

ਜਵਾਬ ਵਿਕਲਪ 11: 2011 ਤੋਂ 2015

ਜਵਾਬ ਵਿਕਲਪ 12: 2016 ਤੋਂ 2020

ਜਵਾਬ ਵਿਕਲਪ 13: 2021 ਤੋਂ 2025

ਜਵਾਬ ਵਿਕਲਪ 14: 2026

E5. ਕੀ ਇਸ ਰਿਹਾਇਸ਼ ਨੂੰ ਕੋਈ ਮੁਰੰਮਤਾਂ ਦੀ ਲੋੜ ਹੈ?

ਲੋੜੀਂਦੀ ਰੀਮਾਡਲਿੰਗ ਜਾਂ ਨਵੇਂ ਸ਼ਾਮਲ ਕੀਤੇ ਗਏ ਹਿੱਸਿਆਂ ਨੂੰ ਸ਼ਾਮਲ ਨਾ ਕਰੋ।

ਜਵਾਬ ਵਿਕਲਪ 1: ਨਹੀਂ, ਸਿਰਫ਼ ਨਿਯਮਤ ਰੱਖ-ਰਖਾਅ ਦੀ ਲੋੜ ਹੈ (ਪੇਂਟਿੰਗ, ਭੱਠੀ ਦੀ ਸਫਾਈ, ਆਦਿ)।

ਜਵਾਬ ਵਿਕਲਪ 2: ਹਾਂ, ਛੋਟੀਆਂ-ਮੋਟੀਆਂ ਮੁਰੰਮਤਾਂ ਦੀ ਲੋੜ ਹੈ (ਗਾਇਬ ਜਾਂ ਢਿੱਲੀਆਂ ਫਰਸ਼ ਦੀਆਂ ਟਾਈਲਾਂ, ਇੱਟਾਂ ਜਾਂ ਸ਼ਿੰਗਲਾਂ; ਨੁਕਸਦਾਰ ਪੌੜੀਆਂ, ਰੇਲਿੰਗ ਜਾਂ ਸਾਈਡਿੰਗ; ਆਦਿ)।

ਜਵਾਬ ਵਿਕਲਪ 3: ਹਾਂ, ਵੱਡੀਆਂ ਮੁਰੰਮਤਾਂ ਦੀ ਲੋੜ ਹੈ (ਨੁਕਸਦਾਰ ਪਲੰਬਿੰਗ ਜਾਂ ਬਿਜਲੀ ਦੀਆਂ ਤਾਰਾਂ; ਕੰਧਾਂ, ਫਰਸ਼ਾਂ ਜਾਂ ਛੱਤਾਂ ਦੀਆਂ ਢਾਂਚਾਗਤ ਮੁਰੰਮਤਾਂ; ਆਦਿ)।

ਇਸ ਰਿਹਾਇਸ਼ ਲਈ E6 ਤੋਂ E9 ਤੱਕ ਦੇ ਸਵਾਲਾਂ ਦੇ ਜਵਾਬ ਦਿਓ, ਭਾਵੇਂ ਤੁਸੀਂ ਇੱਕ ਤੋਂ ਵੱਧ ਰਿਹਾਇਸ਼ਾਂ ਦੇ ਮਾਲਕ ਹੋ ਜਾਂ ਤੁਸੀਂ ਇੱਕ ਤੋਂ ਵੱਧ ਰਿਹਾਇਸ਼ਾ ਕਿਰਾਏ 'ਤੇ ਦਿੰਦੇ ਹੋ।

ਜੇਕਰ ਸਹੀ ਰਕਮ ਦਾ ਪਤਾ ਨਹੀਂ ਹੈ, ਤਾਂ ਕਿਰਪਾ ਕਰਕੇ ਸਭ ਤੋਂ ਵਧੀਆ ਅਨੁਮਾਨ ਦਿਓ।

E6. a) ਇਸ ਰਿਹਾਇਸ਼ ਲਈ, ਬਿਜਲੀ ਲਈ ਸਾਲਾਨਾ ਭੁਗਤਾਨ (ਪਿਛਲੇ 12 ਮਹੀਨੇ) ਕੀ ਹਨ?

ਜਵਾਬ ਵਿਕਲਪ 1: ਕੋਈ ਨਹੀਂ

ਜਵਾਬ ਵਿਕਲਪ 2: ਕਿਰਾਏ ਜਾਂ ਹੋਰ ਭੁਗਤਾਨਾਂ ਵਿੱਚ ਸ਼ਾਮਲ ਹੈ

ਜਾਂ

ਲਿਖਣ ਵਾਲਾ ਖੇਤਰ: ਕੁੱਲ ਰਾਸ਼ੀ ਪ੍ਰਤੀ ਸਾਲ ਡਾਲਰਾਂ ਵਿੱਚ

E6. b) ਇਸ ਰਿਹਾਇਸ਼ ਲਈ, ਤੇਲ, ਗੈਸ, ਕੋਲਾ, ਲੱਕੜ ਜਾਂ ਹੋਰ ਈਂਧਣਾਂ ਲਈ ਸਾਲਾਨਾ ਭੁਗਤਾਨ (ਪਿਛਲੇ 12 ਮਹੀਨੇ) ਕੀ ਹਨ?

ਜਵਾਬ ਵਿਕਲਪ 1: ਕੋਈ ਨਹੀਂ

ਜਵਾਬ ਵਿਕਲਪ 2: ਕਿਰਾਏ ਜਾਂ ਹੋਰ ਭੁਗਤਾਨਾਂ ਵਿੱਚ ਸ਼ਾਮਲ ਹੈ

ਜਾਂ

ਲਿਖਣ ਵਾਲਾ ਖੇਤਰ: ਕੁੱਲ ਰਾਸ਼ੀ ਪ੍ਰਤੀ ਸਾਲ ਡਾਲਰਾਂ ਵਿੱਚ

E6. c) ਇਸ ਰਿਹਾਇਸ਼ ਲਈ, ਪਾਣੀ ਅਤੇ ਹੋਰ ਨਗਰਪਾਲਿਕਾ ਸੇਵਾਵਾਂ ਲਈ ਸਾਲਾਨਾ ਭੁਗਤਾਨ (ਪਿਛਲੇ 12 ਮਹੀਨੇ) ਕੀ ਹਨ?

ਜਵਾਬ ਵਿਕਲਪ 1: ਕੋਈ ਨਹੀਂ

ਜਵਾਬ ਵਿਕਲਪ 2: ਕਿਰਾਏ ਜਾਂ ਹੋਰ ਭੁਗਤਾਨਾਂ ਵਿੱਚ ਸ਼ਾਮਲ ਹੈ

ਜਾਂ

ਲਿਖਣ ਵਾਲਾ ਖੇਤਰ: ਕੁੱਲ ਰਾਸ਼ੀ ਪ੍ਰਤੀ ਸਾਲ ਡਾਲਰਾਂ ਵਿੱਚ

ਜੇਕਰ ਸਵਾਲ E1 a) ਵਿੱਚ "ਹਾਂ" ਚੁਣਿਆ ਗਿਆ ਸੀ, ਤਾਂ ਸਵਾਲ E9 'ਤੇ ਜਾਓ।

ਜੇ ਸਵਾਲ E1 b) ਵਿੱਚ "ਕਿਰਾਏ 'ਤੇ" ਚੁਣਿਆ ਗਿਆ ਸੀ, ਤਾਂ ਸਵਾਲ E7 ਨਾਲ ਜਾਰੀ ਰੱਖੋ।

ਜੇ ਸਵਾਲ E1 b) ਵਿੱਚ "ਮਾਲਕੀਅਤ" ਚੁਣਿਆ ਗਿਆ ਸੀ), ਤਾਂ ਸਵਾਲ E8 'ਤੇ ਜਾਓ।

E7. ਸਿਰਫ਼ ਕਿਰਾਏਦਾਰਾਂ ਲਈ, ਭਾਗ E7. a) ਅਤੇ E7. b) ਦੇ ਉੱਤਰ ਦਿਓ:

a) ਇਸ ਰਿਹਾਇਸ਼ ਲਈ ਕਿੰਨਾ ਮਹੀਨਾਵਾਰ ਕਿਰਾਇਆ ਦਿੱਤਾ ਜਾਂਦਾ ਹੈ?

ਜਵਾਬ ਵਿਕਲਪ: ਨਕਦ ਕਿਰਾਏ ਦੇ ਭੁਗਤਾਨ ਤੋਂ ਬਿਨਾਂ ਕਿਰਾਏ 'ਤੇ ਦਿੱਤਾ ਗਿਆ

ਜਾਂ

ਲਿਖਣ ਵਾਲਾ ਖੇਤਰ: ਡਾਲਰਾਂ ਵਿੱਚ ਪ੍ਰਤੀ ਮਹੀਨਾ ਕੁੱਲ ਰਕਮ

E7. b) ਕੀ ਇਹ ਰਿਹਾਇਸ਼ ਸਬਸਿਡੀ ਵਾਲੀ ਹੈ?

ਸਬਸਿਡੀ ਵਾਲੇ ਘਰਾਂ ਵਿੱਚ ਆਮਦਨ ਦੇ ਹਿਸਾਬ ਨਾਲ ਕਿਰਾਇਆ, ਸਮਾਜਿਕ ਰਿਹਾਇਸ਼, ਜਨਤਕ ਰਿਹਾਇਸ਼, ਸਰਕਾਰੀ ਸਹਾਇਤਾ ਪ੍ਰਾਪਤ ਰਿਹਾਇਸ਼, ਗੈਰ-ਮੁਨਾਫ਼ਾ ਰਿਹਾਇਸ਼, ਕਿਰਾਇਆ ਪੂਰਕ ਅਤੇ ਰਿਹਾਇਸ਼ ਭੱਤੇ ਸ਼ਾਮਲ ਹਨ।

ਜਵਾਬ ਵਿਕਲਪ 1: ਹਾਂ

ਜਵਾਬ ਵਿਕਲਪ 2: ਨਹੀਂ

E8. ਸਿਰਫ਼ ਮਾਲਕਾਂ ਲਈ, ਭਾਗ E8.a) ਤੋਂ ਲੈ ਕੇ E8. e) ਦੇ ਉੱਤਰ ਦਿਓ:

a) ਇਸ ਘਰ ਲਈ ਕੁੱਲ ਨਿਯਮਤ ਮਾਸਿਕ ਮੌਰਗੇਜ ਜਾਂ ਕਰਜ਼ੇ ਦੇ ਭੁਗਤਾਨ ਕੀ ਹਨ?

ਜਵਾਬ ਵਿਕਲਪ: ਕੋਈ ਨਹੀਂ → ਭਾਗ c) ਤੇ ਜਾਓ

ਜਾਂ

ਲਿਖਣ ਵਾਲਾ ਖੇਤਰ: ਡਾਲਰਾਂ ਵਿੱਚ ਪ੍ਰਤੀ ਮਹੀਨਾ ਕੁੱਲ ਰਕਮ

E8. b) ਕੀ ਪ੍ਰਾਪਰਟੀ ਟੈਕਸ (ਨਗਰਪਾਲਿਕਾ ਅਤੇ ਸਕੂਲ) ਪਿਛਲੇ ਸਵਾਲ ਵਿੱਚ ਦਰਸਾਏ ਗਏ ਮਾਸਿਕ ਮੌਰਗੇਜ ਜਾਂ ਕਰਜ਼ੇ ਦੇ ਭੁਗਤਾਨਾਂ ਵਿੱਚ ਸ਼ਾਮਲ ਹਨ?

ਜਵਾਬ ਵਿਕਲਪ 1: ਹਾਂ → ਭਾਗ d) ਤੇ ਜਾਓ

ਜਵਾਬ ਵਿਕਲਪ 2: ਨਹੀਂ

E8. c) ਇਸ ਰਿਹਾਇਸ਼ ਲਈ ਅਨੁਮਾਨਿਤ ਸਾਲਾਨਾ ਪ੍ਰਾਪਰਟੀ ਟੈਕਸ (ਨਗਰਪਾਲਿਕਾ ਅਤੇ ਸਕੂਲ) ਕੀ ਹਨ?

ਜਵਾਬ ਵਿਕਲਪ: ਕੋਈ ਨਹੀਂ

ਜਾਂ

ਲਿਖਣ ਵਾਲਾ ਖੇਤਰ: ਡਾਲਰਾਂ ਵਿੱਚ ਪ੍ਰਤੀ ਸਾਲ ਕੁੱਲ ਰਕਮ

E8. d) ਜੇਕਰ ਤੁਸੀਂ ਇਸ ਘਰ ਨੂੰ ਹੁਣੇ ਵੇਚਣਾ ਹੋਵੇ, ਤਾਂ ਤੁਸੀਂ ਇਸਨੂੰ ਕਿੰਨੇ ਵਿੱਚ ਵੇਚਣ ਦੀ ਉਮੀਦ ਕਰੋਗੇ?

ਲਿਖਣ ਵਾਲਾ ਖੇਤਰ: ਡਾਲਰਾਂ ਵਿੱਚ ਕੁੱਲ ਰਕਮ

E8. e) ਮਾਸਿਕ ਕੌਂਡੋਮੀਨੀਅਮ ਫੀਸਾਂ ਕੀ ਹਨ?

ਜਵਾਬ ਵਿਕਲਪ: ਕੋਈ ਨਹੀਂ

ਜਾਂ

ਲਿਖਣ ਵਾਲਾ ਖੇਤਰ: ਡਾਲਰਾਂ ਵਿੱਚ ਪ੍ਰਤੀ ਮਹੀਨਾ ਕੁੱਲ ਰਕਮ

### E9. ਸਿਰਫ਼ ਸਥਾਨਕ ਸਰਕਾਰ ਜਾਂ ਫਸਟ ਨੇਸ਼ਨ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਰਿਹਾਇਸ਼ਾਂ ਲਈ:

ਇਸ ਘਰ ਨੂੰ ਵਰਤਣ ਜਾਂ ਇਸ ਵਿੱਚ ਰਹਿਣ ਲਈ ਤੁਸੀਂ ਜਾਂ ਤੁਹਾਡੇ ਪਰਿਵਾਰ ਦੇ ਮੈਂਬਰਾਂ ਦੁਆਰਾ ਮਹੀਨਾਵਾਰ ਕਿੰਨੀ ਰਕਮ ਅਦਾ ਕੀਤੀ ਜਾਂਦੀ ਹੈ?

ਜਵਾਬ ਵਿਕਲਪ: ਬਿਨਾਂ ਭੁਗਤਾਨ ਕੀਤੇ ਵਰਤਣਾ ਜਾਂ ਉਸ ਵਿੱਚ ਰਹਿਣਾ

ਜਾਂ

ਲਿਖਣ ਵਾਲਾ ਖੇਤਰ: ਡਾਲਰਾਂ ਵਿੱਚ ਪ੍ਰਤੀ ਮਹੀਨਾ ਕੁੱਲ ਰਕਮ

## ਕਦਮ F

ਤੁਸੀਂ ਹੁਣ ਆਪਣੀ ਪ੍ਰਸ਼ਨਾਵਲੀ ਪੂਰੀ ਕਰ ਲਈ ਹੈ।

ਇੱਕ ਜਨਗਣਨਾ ਪ੍ਰਤੀਨਿਧੀ ਪੂਰੀ ਕੀਤੀ ਗਈ ਪ੍ਰਸ਼ਨਾਵਲੀ ਲੈਣ ਲਈ ਵਾਪਸ ਆਵੇਗਾ।

ਤੁਹਾਡੇ ਸਹਿਯੋਗ ਲਈ ਧੰਨਵਾਦ।

### ਟਿੱਪਣੀਆਂ

ਜੇਕਰ ਤੁਹਾਡੇ ਇੰਨ੍ਹਾਂ ਬਾਰੇ ਕੋਈ ਸਵਾਲ, ਸੁਝਾਅ ਜਾਂ ਟਿੱਪਣੀਆਂ ਹਨ ਤਾਂ ਕਿਰਪਾ ਕਰਕੇ ਹੇਠਾਂ ਦਿੱਤੀ ਜਗ੍ਹਾ ਦੀ ਵਰਤੋਂ ਕਰੋ:

ਪਾਲਣਾ ਕਰਨ ਲਈ ਕਦਮ ਜਾਂ ਇਸ ਪ੍ਰਸ਼ਨਾਵਲੀ ਦੀ ਸਮੱਗਰੀ (ਉਦਾਹਰਣ ਵਜੋਂ, ਅਜਿਹਾ ਸਵਾਲ ਜਿਸਨੂੰ ਸਮਝਣਾ ਜਾਂ ਜਿਸਦਾ ਜਵਾਬ ਦੇਣਾ ਮੁਸ਼ਕਲ ਸੀ)

ਪ੍ਰਸ਼ਨਾਵਲੀ ਦੀਆਂ ਵਿਸ਼ੇਸ਼ਤਾਵਾਂ (ਉਦਾਹਰਣ ਵਜੋਂ, ਡਿਜ਼ਾਈਨ, ਫਾਰਮੈਟ, ਟੈਕਸਟ ਦਾ ਆਕਾਰ)।

## ਕਾਨੂੰਨ ਤੁਹਾਡੇ ਦੁਆਰਾ ਸਾਨੂੰ ਦਿੱਤੀ ਗਈ ਜਾਣਕਾਰੀ ਦੀ ਰੱਖਿਆ ਕਰਦਾ ਹੈ

ਤੁਹਾਡੇ ਜਵਾਬਾਂ ਦੀ ਗੁਪਤਤਾ ਕਾਨੂੰਨ ਦੁਆਰਾ ਸੁਰੱਖਿਅਤ ਹੈ। ਸਟੈਟਿਸਟਿਕਸ ਕੈਨੇਡਾ ਦੇ ਸਾਰੇ ਕਰਮਚਾਰੀਆਂ ਨੇ ਗੁਪਤਤਾ ਦੀ ਸਹੁੰ ਚੁੱਕੀ ਹੈ। ਤੁਹਾਡੀ ਨਿੱਜੀ ਜਾਣਕਾਰੀ ਤੁਹਾਡੀ ਸਹਿਮਤੀ ਤੋਂ ਬਿਨਾਂ ਸਟੈਟਿਸਟਿਕਸ ਕੈਨੇਡਾ ਤੋਂ ਬਾਹਰ ਕਿਸੇ ਨੂੰ ਵੀ ਨਹੀਂ ਦਿੱਤੀ ਜਾ ਸਕਦੀ। ਇਹ ਤੁਹਾਡਾ ਹੱਕ ਹੈ।

## ਭਾਗ 2

## ਜਨਗਣਨਾ ਕੀ ਹੈ?

ਜਨਗਣਨਾ ਦੇਸ਼ ਅਤੇ ਇਸਦੇ ਲੋਕਾਂ ਦਾ ਸਾਂਖਿਅਕੀ ਚਿੱਤਰ ਪ੍ਰਦਾਨ ਕਰਦੀ ਹੈ। ਕੈਨੇਡਾ ਵਿੱਚ, ਸਾਰੇ ਨਿਵਾਸੀਆਂ ਲਈ ਜਨਗਣਨਾ ਵਿੱਚ ਹਿੱਸਾ ਲੈਣਾ ਲਾਜ਼ਮੀ ਹੈ।

ਆਬਾਦੀ ਦੀ ਜਨਗਣਨਾ ਕੈਨੇਡਾ ਭਰ ਦੇ ਲੋਕਾਂ ਦੀ ਜਨਸੰਖਿਆ ਸੰਬੰਧੀ, ਸਮਾਜਿਕ ਅਤੇ ਆਰਥਿਕ ਸਥਿਤੀ, ਅਤੇ ਉਨ੍ਹਾਂ ਦੇ ਰਹਿਣ ਵਾਲੇ ਨਿਵਾਸਾਂ ਬਾਰੇ ਜਾਣਕਾਰੀ ਇਕੱਠੀ ਕਰਦੀ ਹੈ। 2026 ਵਿੱਚ, 25% ਕਨੇਡੀਅਨ ਪਰਿਵਾਰਾਂ ਦੇ ਨਮੂਨੇ ਨੂੰ ਇੱਕ ਲੰਬੀ-ਫਾਰਮ ਪ੍ਰਸ਼ਨਾਵਲੀ ਪ੍ਰਾਪਤ ਹੋਵੇਗੀ। ਬਾਕੀ ਪਰਿਵਾਰਾਂ ਨੂੰ ਇੱਕ ਛੋਟੀ-ਫਾਰਮ ਪ੍ਰਸ਼ਨਾਵਲੀ ਪ੍ਰਾਪਤ ਹੋਵੇਗੀ।

## 2026 ਦੀ ਆਬਾਦੀ ਜਨਗਣਨਾ ਕਿਉਂ ਮਹੱਤਵਪੂਰਨ ਹੈ?

ਜਨਗਣਨਾ ਸਾਡੇ ਦੇਸ਼ ਲਈ ਜਾਣਕਾਰੀ ਦੇ ਸਭ ਤੋਂ ਮਹੱਤਵਪੂਰਨ ਸਰੋਤਾਂ ਵਿੱਚੋਂ ਇੱਕ ਹੈ। ਜਨਗਣਨਾ ਤੋਂ ਪ੍ਰਾਪਤ ਜਾਣਕਾਰੀ ਦੀ ਵਰਤੋਂ ਸਰਕਾਰਾਂ, ਕਾਰੋਬਾਰਾਂ, ਐਸੋਸੀਏਸ਼ਨਾਂ, ਭਾਈਚਾਰਕ ਸੰਗਠਨਾਂ ਅਤੇ ਹੋਰ ਬਹੁਤ ਸਾਰੇ ਲੋਕਾਂ ਦੁਆਰਾ ਤੁਹਾਡੇ ਭਾਈਚਾਰੇ, ਤੁਹਾਡੇ ਸੂਬੇ ਜਾਂ ਖੇਤਰ ਅਤੇ ਪੂਰੇ ਦੇਸ਼ ਲਈ ਮਹੱਤਵਪੂਰਨ ਫੈਸਲੇ ਲੈਣ ਲਈ ਕੀਤੀ ਜਾਵੇਗੀ।

## ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਦਾ ਕੀ ਹੁੰਦਾ ਹੈ?

ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਨੂੰ *ਸਟੈਟਿਸਟਿਕਸ ਐਕਟ* ਦੇ ਅਨੁਸਾਰ ਗੁਪਤ ਰੱਖਿਆ ਜਾਵੇਗਾ। ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਸਟੈਟਿਸਟਿਕਸ ਕੈਨੇਡਾ ਦੁਆਰਾ ਹੋਰ ਸਾਂਖਿਅਕੀ ਅਤੇ ਖੋਜ ਉਦੇਸ਼ਾਂ ਲਈ ਵਰਤੀ ਜਾ ਸਕਦੀ ਹੈ ਜਾਂ ਹੋਰ ਸਰਵੇਖਣ ਜਾਂ ਪ੍ਰਬੰਧਕੀ ਡੇਟਾ ਸਰੋਤਾਂ ਨਾਲ ਜੋੜੀ ਜਾ ਸਕਦੀ ਹੈ। ਸਟੈਟਿਸਟਿਕਸ ਕੈਨੇਡਾ ਤੋਂ ਬਾਹਰ ਕੋਈ ਵੀ ਵਿਅਕਤੀ ਅਜਿਹੀ ਜਾਣਕਾਰੀ ਤੱਕ ਪਹੁੰਚ ਨਹੀਂ ਕਰ ਸਕਦਾ ਜਿਸ ਨਾਲ ਕਿਸੇ ਵਿਅਕਤੀ ਦੀ ਪਛਾਣ ਹੋ ਸਕੇ।

## ਤੁਹਾਡੀ ਭੂਮਿਕਾ

ਜਨਗਣਨਾ ਡੇਟਾ ਤੁਹਾਡੇ ਭਾਈਚਾਰੇ ਲਈ ਸਕੂਲਾਂ, ਡੇਅਕੇਅਰਾਂ, ਰਿਹਾਇਸ਼ਾਂ, ਹਸਪਤਾਲਾਂ, ਐਮਰਜੈਂਸੀ ਸੇਵਾਵਾਂ, ਸੜਕਾਂ, ਜਨਤਕ ਆਵਾਜਾਈ, ਰੁਜ਼ਗਾਰ ਹੁਨਰ ਸਿਖਲਾਈ ਅਤੇ ਹੋਰ ਬਹੁਤ ਕੁਝ ਦੀ ਯੋਜਨਾਬੰਦੀ ਲਈ ਬਹੁਤ ਮਹੱਤਵਪੂਰਨ ਹੈ। ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗੀ ਕਿ 2026 ਦੀ ਜਨਗਣਨਾ ਕੈਨੇਡਾ ਦੇ ਬਦਲ ਰਹੇ ਸਮਾਜ ਨੂੰ ਸਹੀ ਢੰਗ ਨਾਲ ਦਰਸਾਉਂਦੀ ਹੈ।

## ਅਸੀਂ ਸਵਾਲ ਕਿਉਂ ਪੁੱਛਦੇ ਹਾਂ

**ਕਦਮ A -** ਜੇਕਰ ਤੁਹਾਡੀ ਪ੍ਰਸ਼ਨਾਵਲੀ ਵਿੱਚ ਕੋਈ ਜਾਣਕਾਰੀ ਰਹਿ ਗਈ ਹੈ, ਤਾਂ ਸਾਨੂੰ ਤੁਹਾਡੇ ਨਾਲ ਸੰਪਰਕ ਕਰਨ ਲਈ ਤੁਹਾਡੇ ਟੈਲੀਫੋਨ ਨੰਬਰ ਦੀ ਲੋੜ ਹੈ। ਸਾਨੂੰ ਤੁਹਾਡੇ ਪਤੇ ਦੀ ਲੋੜ ਹੈ, ਨਾਲ ਹੀ ਤੁਹਾਡੇ ਡਾਕ ਪਤੇ ਦੀ ਵੀ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੇ ਰਿਹਾਇਸ਼ੀ ਸਥਾਨ ਗਿਣੇ ਜਾਂਦੇ ਹਨ।

**ਕਦਮ B ਅਤੇ C -** ਇਹ ਕਦਮ ਤੁਹਾਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰਦੇ ਹਨ ਕਿ ਤੁਹਾਡੀ ਪ੍ਰਸ਼ਨਾਵਲੀ ਵਿੱਚ ਕਿਸਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਅਤੇ ਕਿਸਨੂੰ ਨਹੀਂ। ਉਹ ਸਾਨੂੰ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਨ ਕਿ ਅਸੀਂ ਉਨ੍ਹਾਂ ਸਾਰਿਆਂ ਨੂੰ ਗਿਣ ਲਿਆ ਹੈ ਜਿਨ੍ਹਾਂ ਦੀ ਸਾਨੂੰ ਗਿਣਤੀ ਕਰਨ ਦੀ ਲੋੜ ਹੈ ਅਤੇ ਕਿਸੇ ਨੂੰ ਵੀ ਦੋ ਵਾਰ ਨਹੀਂ ਗਿਣਿਆ ਜਾਂਦਾ।

**ਕਦਮ D -** ਪੰਨਾ 4 ਦੇ ਸਿਖਰ 'ਤੇ ਸਵਾਲ 1 ਵਿੱਚ ਖਾਲੀ ਥਾਂਵਾਂ ਤੁਹਾਨੂੰ ਕਦਮ B ਤੋਂ ਨਾਵਾਂ ਨੂੰ ਕਾਪੀ ਕਰਨ ਦਿੰਦੀਆਂ ਹਨ।

**ਜਨਸੰਖਿਆ ਸੰਬੰਧੀ ਮੁੱਢਲੀ ਜਾਣਕਾਰੀ -** ਸਵਾਲ 2 ਤੋਂ 7 ਕੈਨੇਡਾ ਵਿੱਚ ਲੋਕਾਂ ਦੀਆਂ ਜਨਸੰਖਿਆ ਸੰਬੰਧੀ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ। ਇਸ ਜਾਣਕਾਰੀ ਦੀ ਵਰਤੋਂ ਸਰਕਾਰ ਦੇ ਸਾਰੇ ਪੱਧਰਾਂ ਦੁਆਰਾ ਮਹੱਤਵਪੂਰਨ ਫੈਸਲੇ ਲੈਣ ਲਈ ਕੀਤੀ ਜਾਂਦੀ ਹੈ, ਜਿਵੇਂ ਕਿ ਕਮਿਊਨਿਟੀ ਸੇਵਾਵਾਂ ਅਤੇ ਸਮਾਜਿਕ ਪ੍ਰੋਗਰਾਮਾਂ, ਜਿਸ ਵਿੱਚ ਓਲਡ ਏਜ ਸਿਕਿਓਰਿਟੀ ਅਤੇ ਕੈਨੇਡਾ ਚਾਈਲਡ ਬੈਨੀਫਿਟ ਸ਼ਾਮਲ ਹਨ, ਦੀ ਯੋਜਨਾਬੰਦੀ। ਇਸਦੀ ਵਰਤੋਂ ਨਗਰ ਪਾਲਿਕਾਵਾਂ ਦੁਆਰਾ ਬੱਚਿਆਂ ਦੀ ਦੇਖਭਾਲ, ਸਕੂਲਾਂ, ਹਸਪਤਾਲਾਂ ਅਤੇ ਐਮਰਜੈਂਸੀ ਸੇਵਾਵਾਂ ਵਰਗੀਆਂ ਕਈ ਤਰ੍ਹਾਂ ਦੀਆਂ ਸੇਵਾਵਾਂ ਦੀ ਯੋਜਨਾ ਬਣਾਉਣ ਲਈ ਵੀ ਕੀਤੀ ਜਾਂਦੀ ਹੈ।

**ਭਾਸ਼ਾਵਾਂ** - ਸਵਾਲ 8 ਤੋਂ 10 ਅਤੇ 22 ਕੈਨੇਡਾ ਦੀ ਆਬਾਦੀ ਦੀ ਭਾਸ਼ਾਈ ਵਿਭਿੰਨਤਾ ਦਾ ਪ੍ਰੋਫ਼ਾਈਲ ਪ੍ਰਦਾਨ ਕਰਨ ਲਈ ਵਰਤੇ ਜਾਂਦੇ ਹਨ। ਇਸ ਜਾਣਕਾਰੀ ਦੀ ਵਰਤੋਂ ਅੰਗਰੇਜ਼ੀ ਅਤੇ ਫ੍ਰੈਂਚ ਵਿੱਚ ਸੇਵਾਵਾਂ ਦੀ ਜ਼ਰੂਰਤ ਦਾ ਅੰਦਾਜ਼ਾ ਲਗਾਉਣ ਲਈ, ਅਤੇ ਕੈਨੇਡਾ ਦੇ ਵੱਖ-ਵੱਖ ਭਾਸ਼ਾ ਸਮੂਹਾਂ, ਜਿਸ ਵਿੱਚ ਸਰਕਾਰੀ ਭਾਸ਼ਾਵਾਂ, ਇੰਡਿਜਨਸ ਭਾਸ਼ਾਵਾਂ ਅਤੇ ਹੋਰ ਗੈਰ-ਸਰਕਾਰੀ ਭਾਸ਼ਾਵਾਂ ਸ਼ਾਮਲ ਹਨ, ਦੀ ਮੌਜੂਦਾ ਸਥਿਤੀ ਅਤੇ ਵਿਕਾਸ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਕੀਤੀ ਜਾਂਦੀ ਹੈ। ਸਵਾਲ 54 ਕੰਮ 'ਤੇ ਵਰਤੀਆਂ ਜਾਂਦੀਆਂ ਭਾਸ਼ਾਵਾਂ ਬਾਰੇ ਜਾਣਕਾਰੀ ਇਕੱਠੀ ਕਰਦਾ ਹੈ।

**ਸਿੱਖਿਆ ਦੀ ਭਾਸ਼ਾ** - ਸਵਾਲ 11 ਤੋਂ 16 ਕੈਨੇਡਾ ਵਿੱਚ ਅੰਗਰੇਜ਼ੀ ਅਤੇ ਫ੍ਰੈਂਚ ਵਿੱਚ ਸਿੱਖਿਆ ਪ੍ਰੋਗਰਾਮਾਂ ਦਾ ਸਮਰਥਨ ਕਰਨ ਲਈ *ਕਨੇਡੀਅਨ ਚਾਰਟਰ ਆਫ਼ ਰਾਈਟਸ ਐਂਡ ਫ੍ਰੀਡਮਜ਼* ਦੇ ਅਨੁਸਾਰ ਜਾਣਕਾਰੀ ਇਕੱਠੀ ਕਰਨ ਲਈ ਵਰਤੇ ਜਾਂਦੇ ਹਨ।

**ਰੋਜ਼ਾਨਾ ਜੀਵਨ ਦੀਆਂ ਗਤੀਵਿਧੀਆਂ -** ਸਵਾਲ 17 ਕੈਨੇਡਾ ਵਿੱਚ ਉਹਨਾਂ ਲੋਕਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਕੁਝ ਗਤੀਵਿਧੀਆਂ ਕਰਨ ਵਿੱਚ ਮੁਸ਼ਕਲਾਂ ਆ ਸਕਦੀਆਂ ਹਨ, ਜਿਨ੍ਹਾਂ ਵਿੱਚ ਉਹ ਲੋਕ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਲੰਬੇ ਸਮੇਂ ਲਈ ਸਰੀਰਕ, ਮਾਨਸਿਕ ਜਾਂ ਹੋਰ ਸਿਹਤ ਸਥਿਤੀ ਹੋ ਸਕਦੀ ਹੈ। ਇਸ ਜਾਣਕਾਰੀ ਦੀ ਵਰਤੋਂ ਉਨ੍ਹਾਂ ਲੋਕਾਂ ਦੀ ਪਛਾਣ ਕਰਨ ਲਈ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਅਪੰਗਤਾ ਹੋਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ ਸਟੈਟਿਸਟਿਕਸ ਕੈਨੇਡਾ ਫਿਰ ਇੱਕ ਹੋਰ ਵਿਸਤ੍ਰਿਤ ਸਰਵੇਖਣ ਕਰ ਸਕਦਾ ਹੈ।

**ਆਮ ਸਿਹਤ -** ਸਵਾਲ 18 ਕੈਨੇਡਾ ਵਿੱਚ ਲੋਕਾਂ ਦੀ ਸਿਹਤ ਸਥਿਤੀ ਬਾਰੇ ਜਾਣਕਾਰੀ ਮੰਗਦਾ ਹੈ ਤਾਂ ਜੋ ਸਿਹਤ ਸੰਭਾਲ ਪ੍ਰਣਾਲੀ ਲਈ ਨੀਤੀਆਂ, ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਯੋਜਨਾ ਬਣਾਉਣ ਵਿੱਚ ਮਦਦ ਮਿਲ ਸਕੇ। ਆਮ ਸਿਹਤ ਸਮੁੱਚੀ ਸਿਹਤ ਸਥਿਤੀ ਦਾ ਸੂਚਕ ਹੈ। ਆਮ ਸਿਹਤ ਤੋਂ ਭਾਵ ਹੈ ਕਿਸੇ ਵਿਅਕਤੀ ਦੀ ਸਿਹਤ ਪ੍ਰਤੀ ਆਮ ਤੌਰ 'ਤੇ ਧਾਰਨਾ, ਜਾਂ ਤਾਂ ਉਸ ਵਿਅਕਤੀ ਦੁਆਰਾ, ਜਾਂ ਘਰ ਦੇ ਉਸ ਵਿਅਕਤੀ ਦੁਆਰਾ ਜੋ ਜਨਗਣਨਾ ਪ੍ਰਸ਼ਨਾਵਲੀ ਨੂੰ ਪੂਰਾ ਕਰ ਰਿਹਾ ਹੈ।

**ਜਨਮ ਸਥਾਨ -** ਸਵਾਲ 19 ਅਤੇ 20 ਸਾਨੂੰ ਦੱਸਦੇ ਹਨ ਕਿ ਲੋਕ ਅਤੇ ਉਨ੍ਹਾਂ ਦੇ ਮਾਤਾ-ਪਿਤਾ ਕਿੱਥੇ ਪੈਦਾ ਹੋਏ ਸੀ। ਇਹ ਕੈਨੇਡਾ ਦੀ ਆਬਾਦੀ ਦੀ ਵਿਭਿੰਨਤਾ, ਅਤੇ ਕੈਨੇਡਾ ਦੇ ਅੰਦਰ ਅਤੇ ਦੂਜੇ ਦੇਸ਼ਾਂ ਤੋਂ ਕੈਨੇਡਾ ਵਿੱਚ ਲੋਕਾਂ ਦੀ ਆਵਾਜਾਈ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ। ਇਹ ਜਾਣਕਾਰੀ ਦੂਜੀ ਪੀੜ੍ਹੀ ਦੇ ਕਨੇਡੀਅਨਾਂ ਦੀਆਂ ਸਮਾਜਿਕ

ਅਤੇ ਆਰਥਿਕ ਸਥਿਤੀਆਂ ਦਾ ਮੁਲਾਂਕਣ ਕਰਨ ਲਈ ਵੀ ਵਰਤੀ ਜਾਂਦੀ ਹੈ, ਅਤੇ ਸਾਨੂੰ ਕੈਨੇਡਾ ਦੇ ਇਮੀਗ੍ਰੇਸ਼ਨ ਇਤਿਹਾਸ ਨੂੰ ਸਮਝਣ ਵਿੱਚ ਮਦਦ ਕਰਦੀ ਹੈ।

**ਨਾਗਰਿਕਤਾ -** ਸਵਾਲ 21 ਕੈਨੇਡਾ ਦੀ ਆਬਾਦੀ ਦੀ ਕਾਨੂੰਨੀ ਨਾਗਰਿਕਤਾ ਸਥਿਤੀ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਜਾਣਕਾਰੀ ਦੀ ਵਰਤੋਂ ਸੰਭਾਵੀ ਵੋਟਰਾਂ ਦੀ ਗਿਣਤੀ ਦਾ ਅੰਦਾਜ਼ਾ ਲਗਾਉਣ ਅਤੇ ਨਾਗਰਿਕਤਾ ਕਲਾਸਾਂ ਅਤੇ ਪ੍ਰੋਗਰਾਮਾਂ ਦੀ ਯੋਜਨਾ ਬਣਾਉਣ ਲਈ ਕੀਤੀ ਜਾਂਦੀ ਹੈ। ਇਹ ਕਈ ਨਾਗਰਿਕਤਾਵਾਂ ਵਾਲੀ ਆਬਾਦੀ ਬਾਰੇ ਵੀ ਜਾਣਕਾਰੀ ਪ੍ਰਦਾਨ ਕਰਦਾ ਹੈ।

**ਨਸਲੀ ਜਾਂ ਸੱਭਿਆਚਾਰਕ ਮੂਲ -** ਸਵਾਲ 23 ਕੈਨੇਡਾ ਵਿੱਚ ਨਸਲੀ ਅਤੇ ਸੱਭਿਆਚਾਰਕ ਵਿਭਿੰਨਤਾ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਜਾਣਕਾਰੀ ਦੀ ਵਰਤੋਂ ਐਸੋਸੀਏਸ਼ਨਾਂ, ਏਜੰਸੀਆਂ ਅਤੇ ਖੋਜਕਰਤਾਵਾਂ ਦੁਆਰਾ ਸਿਹਤ ਪ੍ਰਮੋਸ਼ਨ,  ਸੰਚਾਰ ਅਤੇ ਸਮਾਜਿਕ ਸਹਾਇਤਾ ਪ੍ਰੋਗਰਾਮਾਂ ਵਰਗੀਆਂ ਗਤੀਵਿਧੀਆਂ ਲਈ ਕੀਤੀ ਜਾਂਦੀ ਹੈ।

**ਇੰਡਿਜਨਸ (ਸਵਦੇਸ਼ੀ) ਲੋਕ -** ਸਵਾਲ 24 ਅਤੇ 26 ਤੋਂ 29 ਇੰਡਿਜਨਸ ਭਾਈਚਾਰਿਆਂ, ਸੰਗਠਨਾਂ ਅਤੇ ਸਰਕਾਰ ਦੇ ਸਾਰੇ ਪੱਧਰਾਂ ਦੁਆਰਾ ਫਸਟ ਨੇਸ਼ਨਜ਼ ਦੇ ਲੋਕਾਂ, ਮੇਟੀ ਅਤੇ ਇਨੂਇਟ ਲਈ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਵਿਕਸਤ ਕਰਨ ਲਈ ਵਰਤੀ ਜਾਂਦੀ ਜਾਣਕਾਰੀ ਪ੍ਰਦਾਨ ਕਰਦੇ ਹਨ।

**ਜਨਸੰਖਿਆ ਸਮੂਹ (ਦਿਖਣਯੋਗ ਘੱਟ ਗਿਣਤੀਆਂ)** - ਸਵਾਲ 25 ਉਸ ਡੇਟਾ ਨੂੰ ਇਕੱਠਾ ਕਰਨ ਵਿੱਚ ਮਦਦ ਕਰਦਾ ਹੈ ਜੋ ਸਰਕਾਰਾਂ, ਕਾਰੋਬਾਰਾਂ, ਭਾਈਚਾਰਕ ਸਮੂਹਾਂ, ਸਿਹਤ ਸੰਭਾਲ ਪ੍ਰਦਾਤਾਵਾਂ, ਖੋਜਕਰਤਾਵਾਂ ਅਤੇ ਦੇਸ਼ ਭਰ ਵਿੱਚ ਵੱਖ-ਵੱਖ ਸੰਗਠਨਾਂ ਦੁਆਰਾ ਉਹਨਾਂ ਪ੍ਰੋਗਰਾਮਾਂ ਦਾ ਸਮਰਥਨ ਕਰਨ ਲਈ ਵਰਤੇ ਜਾਂਦੇ ਹਨ ਜੋ ਕੈਨੇਡਾ ਦੇ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਜੀਵਨ ਵਿੱਚ ਸਾਰਿਆਂ ਨੂੰ ਸਾਂਝਾ ਕਰਨ ਦੇ ਬਰਾਬਰ ਮੌਕੇ ਪ੍ਰਦਾਨ ਕਰਦੇ ਹਨ।

**ਧਰਮ** - ਸਵਾਲ 30 ਧਾਰਮਿਕ ਸੰਬੰਧੀਕਰਨ ਅਤੇ ਵਿਭਿੰਨਤਾ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਜਾਣਕਾਰੀ ਦੀ ਵਰਤੋਂ ਕਨੇਡੀਅਨ ਸਮਾਜ ਵਿੱਚ ਤਬਦੀਲੀਆਂ ਨੂੰ ਸਮਝਣ ਵਿੱਚ ਮਦਦ ਕਰਨ ਦੇ ਨਾਲ ਹੀ ਵਿਭਿੰਨ ਭਾਈਚਾਰਿਆਂ ਵਿੱਚ ਸਹੂਲਤਾਂ ਅਤੇ ਸੇਵਾਵਾਂ ਦੀ ਯੋਜਨਾ ਬਣਾਉਣ ਲਈ ਵੀ ਕੀਤੀ ਜਾਂਦੀ ਹੈ।

**ਕਨੇਡੀਅਨ ਫੌਜੀ ਤਜਰਬਾ -** ਸਵਾਲ 31 ਕਨੇਡੀਅਨ ਫੌਜੀ ਤਜਰਬਾ ਰੱਖਣ ਵਾਲੇ ਲੋਕਾਂ ਦੀ ਗਿਣਤੀ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਸਰਕਾਰਾਂ ਇਸ ਜਾਣਕਾਰੀ ਦੀ ਵਰਤੋਂ ਵੈਟਰਨ ਆਬਾਦੀ ਦੀਆਂ ਬਦਲਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਵਿਕਸਤ ਕਰਨ ਲਈ ਕਰਨਗੀਆਂ।

**ਗਤੀਸ਼ੀਲਤਾ -** ਸਵਾਲ 32 ਅਤੇ 33 ਸਾਨੂੰ ਦੱਸਦੇ ਹਨ ਕਿ ਕੈਨੇਡਾ ਦੇ ਨਿਵਾਸੀ ਕਿੱਥੇ ਜਾ ਰਹੇ ਹਨ ਅਤੇ ਕਿੱਥੋਂ ਆ ਰਹੇ ਹਨ। ਇਸ ਜਾਣਕਾਰੀ ਦੀ ਵਰਤੋਂ ਮੂਵ ਹੋਣ ਵਾਲੇ ਲੋਕਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਦੇਖਣ ਅਤੇ ਰਿਹਾਇਸ਼, ਸਿੱਖਿਆ, ਸਿਹਤ, ਆਵਾਜਾਈ ਅਤੇ ਸਮਾਜਿਕ ਸੇਵਾਵਾਂ ਦੀਆਂ ਜ਼ਰੂਰਤਾਂ ਦੀ ਪਛਾਣ ਕਰਨ ਲਈ ਕੀਤੀ ਜਾਂਦੀ ਹੈ।

**ਬੇਘਰ ਹੋਣਾ -** ਸਵਾਲ 34 ਅਤੇ 35 ਪਿਛਲੇ 12 ਮਹੀਨਿਆਂ ਦੌਰਾਨ ਬੇਘਰ ਹੋਣ ਅਤੇ ਹੋਰ ਰਿਹਾਇਸ਼ੀ ਚੁਣੌਤੀਆਂ ਨਾਲ ਲੋਕਾਂ ਦੇ ਅਨੁਭਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ। ਇਸ ਜਾਣਕਾਰੀ ਦੀ ਵਰਤੋਂ ਸੰਸਥਾਵਾਂ ਅਤੇ ਸਰਕਾਰਾਂ ਦੁਆਰਾ ਬੇਘਰ ਹੋਣ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਭਾਈਚਾਰਿਆਂ ਦੀ ਸਹਾਇਤਾ ਲਈ ਕੀਤੀ ਜਾਂਦੀ ਹੈ।

**ਜਿਨਸੀ ਰੁਝਾਨ -** ਸਵਾਲ 36 ਉਸ ਡੇਟਾ ਨੂੰ ਇਕੱਠਾ ਕਰਦਾ ਹੈ ਜਿਸਦੀ ਵਰਤੋਂ ਸਰਕਾਰਾਂ, ਕਾਰੋਬਾਰਾਂ, ਭਾਈਚਾਰਕ ਸਮੂਹਾਂ, ਸਿਹਤ ਸੰਭਾਲ ਪ੍ਰਦਾਤਾਵਾਂ, ਖੋਜਕਰਤਾਵਾਂ ਅਤੇ ਦੇਸ਼ ਭਰ ਵਿੱਚ ਕਈ ਤਰ੍ਹਾਂ ਦੀਆਂ ਸੰਸਥਾਵਾਂ ਦੁਆਰਾ ਉਹਨਾਂ

ਪ੍ਰੋਗਰਾਮਾਂ ਦਾ ਸਮਰਥਨ ਕਰਨ ਲਈ ਕੀਤੀ ਜਾਂਦੀ ਹੈ ਜੋ ਕੈਨੇਡਾ ਦੇ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਜੀਵਨ ਵਿੱਚ ਸਾਰਿਆਂ ਨੂੰ ਸਾਂਝਾ ਕਰਨ ਦੇ ਬਰਾਬਰ ਮੌਕੇ ਪ੍ਰਦਾਨ ਕਰਦੇ ਹਨ। ਇਸ ਡੇਟਾ ਦੀ ਵਰਤੋਂ *ਕਨੇਡੀਅਨ ਮਨੁੱਖੀ ਅਧਿਕਾਰ ਐਕਟ* ਵਰਗੇ ਕਾਨੂੰਨ ਦਾ ਸਮਰਥਨ ਕਰਨ ਲਈ ਵੀ ਕੀਤੀ ਜਾਂਦੀ ਹੈ ਜਿਸ ਵਿੱਚ ਜਿਨਸੀ ਰੁਝਾਨ ਨੂੰ ਵਿਤਕਰੇ ਦੇ ਵਰਜਿਤ ਆਧਾਰਾਂ ਵਿੱਚੋਂ ਇੱਕ ਵਜੋਂ ਸ਼ਾਮਲ ਕੀਤਾ ਗਿਆ ਹੈ।

**ਸਿੱਖਿਆ -** ਸਵਾਲ 37 ਤੋਂ 41 ਕੈਨੇਡਾ ਦੇ ਨਿਵਾਸੀਆਂ ਦੀ ਸਿੱਖਿਆ, ਸਿਖਲਾਈ ਅਤੇ ਹਾਲ ਹੀ ਵਿੱਚ ਸਕੂਲ ਹਾਜ਼ਰੀ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ। ਸਰਕਾਰਾਂ ਇਸ ਜਾਣਕਾਰੀ ਦੀ ਵਰਤੋਂ ਕਾਰਜਬਲ ਅਤੇ ਖਾਸ ਸਮੂਹਾਂ, ਜਿਵੇਂ ਕਿ ਫਸਟ ਨੇਸ਼ਨਜ਼ ਦੇ ਲੋਕਾਂ, ਮੇਟੀ, ਇਨੁਇਟ, ਪ੍ਰਵਾਸੀਆਂ ਅਤੇ ਨੌਜਵਾਨਾਂ ਦੀਆਂ ਬਦਲਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਿਖਲਾਈ ਅਤੇ ਹੋਰ ਪ੍ਰੋਗਰਾਮ ਵਿਕਸਤ ਕਰਨ ਲਈ ਕਰਦੀਆਂ ਹਨ।

**ਲੇਬਰ ਮਾਰਕਿਟ ਗਤੀਵਿਧੀਆਂ -** ਸਵਾਲ 42 ਤੋਂ 53, 58 ਅਤੇ 59 ਕੈਨੇਡਾ ਦੇ ਕਾਰਜਬਲ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ, ਜਿਸ ਵਿੱਚ ਉਹ ਉਦਯੋਗ ਅਤੇ ਪੇਸ਼ੇ ਸ਼ਾਮਲ ਹਨ ਜਿਨ੍ਹਾਂ ਵਿੱਚ ਲੋਕ ਕੰਮ ਕਰਦੇ ਹਨ। ਰੋਜ਼ਗਾਰ ਜਾਣਕਾਰੀ ਦੀ ਵਰਤੋਂ ਭਾਈਚਾਰਿਆਂ ਅਤੇ ਖਾਸ ਆਬਾਦੀ, ਜਿਵੇਂ ਕਿ ਫਸਟ ਨੇਸ਼ਨਜ਼ ਦੇ ਲੋਕਾਂ, ਮੇਟੀ, ਇਨੁਇਟ ਅਤੇ ਪ੍ਰਵਾਸੀਆਂ ਦੀਆਂ ਆਰਥਿਕ ਸਥਿਤੀਆਂ ਦਾ ਮੁਲਾਂਕਣ ਕਰਨ ਲਈ ਕੀਤੀ ਜਾਂਦੀ ਹੈ। ਉਦਯੋਗ ਅਤੇ ਕਿੱਤੇ ਦੀ ਜਾਣਕਾਰੀ ਨੌਕਰੀ ਦੇ ਮੌਕਿਆਂ ਦੀ ਭਵਿੱਖਬਾਣੀ ਕਰਨ ਲਈ ਵਰਤੀ ਜਾਂਦੀ ਹੈ।

**ਕੰਮ ਤੇ ਆਉਣਾ-ਜਾਣਾ -** ਸਵਾਲ 55 ਤੋਂ 57 ਸਾਨੂੰ ਦੱਸਦੇ ਹਨ ਕਿ ਲੋਕ ਕਿੱਥੇ ਕੰਮ ਕਰਦੇ ਹਨ ਅਤੇ ਉਹ ਕੰਮ ਤੇ ਕਿਵੇਂ ਪਹੁੰਚਦੇ ਹਨ। ਇਸ ਜਾਣਕਾਰੀ ਦੀ ਵਰਤੋਂ ਆਉਣ-ਜਾਣ ਦੇ ਤਰੀਕਿਆਂ, ਜਨਤਕ ਆਵਾਜਾਈ ਦੀਆਂ ਜ਼ਰੂਰਤਾਂ ਅਤੇ ਊਰਜਾ ਦੀ ਵਰਤੋਂ ਦਾ ਮੁਲਾਂਕਣ ਕਰਨ ਲਈ ਕੀਤੀ ਜਾਂਦੀ ਹੈ। ਆਉਣ-ਜਾਣ ਸੰਬੰਧੀ ਜਾਣਕਾਰੀ ਨਵੇਂ ਹਸਪਤਾਲਾਂ, ਸਕੂਲਾਂ, ਅਤੇ ਡੇਅਕੇਅਰ ਅਤੇ ਮਨੋਰੰਜਨ ਸਹੂਲਤਾਂ ਲਈ ਸਥਾਨਾਂ ਦੀ ਪਛਾਣ ਕਰਨ ਦੇ ਨਾਲ ਹੀ ਸੜਕਾਂ ਅਤੇ ਹੋਰ ਯਾਤਰਾ ਨੈਟਵਰਕਾਂ ਲਈ ਜ਼ਰੂਰਤ ਦੀ ਪਛਾਣ ਕਰਨ ਵਿੱਚ ਵੀ ਮਦਦ ਕਰਦੀ ਹੈ।

**ਖਰਚੇ -** ਸਵਾਲ 60 ਅਤੇ 61 ਬੱਚਿਆਂ ਦੀ ਦੇਖਭਾਲ ਅਤੇ ਸਹਾਇਤਾ ਭੁਗਤਾਨਾਂ ਨਾਲ ਸਬੰਧਤ ਖਰਚਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ। ਨਿੱਜੀ ਇਨਕਮ ਟੈਕਸ ਅਤੇ ਲਾਭ ਰਿਕਾਰਡਾਂ ਤੋਂ ਪ੍ਰਾਪਤ ਆਮਦਨ ਜਾਣਕਾਰੀ ਦੇ ਨਾਲ, ਇਹਨਾਂ ਸਵਾਲਾਂ ਦੀ ਵਰਤੋਂ ਕੈਨੇਡਾ ਵਿੱਚ ਗਰੀਬੀ ਨੂੰ ਮਾਪਣ ਲਈ ਡਿਸਪੋਸੇਬਲ ਆਮਦਨ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਇਸ ਜਾਣਕਾਰੀ ਦੀ ਵਰਤੋਂ ਕਨੇਡੀਅਨ ਸਮਾਜ ਵਿੱਚ ਬਾਲ ਦੇਖਭਾਲ ਦੀ ਵਰਤੋਂ ਅਤੇ ਸਹਾਇਤਾ ਭੁਗਤਾਨਾਂ ਦੀ ਭੂਮਿਕਾ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਵੀ ਕੀਤੀ ਜਾਂਦੀ ਹੈ।

**ਰਿਹਾਇਸ਼ -** ਸਵਾਲ 62 ਅਤੇ ਕਦਮ E ਰਿਹਾਇਸ਼ੀ ਭਾਈਚਾਰਿਆਂ ਅਤੇ ਪ੍ਰੋਜੈਕਟਾਂ ਨੂੰ ਵਿਕਸਤ ਕਰਨ ਲਈ ਵਰਤੀ ਜਾਣ ਵਾਲੀ ਜਾਣਕਾਰੀ ਪ੍ਰਦਾਨ ਕਰਦੇ ਹਨ। ਘਰਾਂ ਵਿੱਚ ਕਮਰਿਆਂ ਅਤੇ ਬੈੱਡਰੂਮਾਂ ਦੀ ਗਿਣਤੀ, ਅਤੇ ਰਿਹਾਇਸ਼ੀ ਲਾਗਤਾਂ ਬਾਰੇ ਜਾਣਕਾਰੀ, ਰਿਹਾਇਸ਼ਾਂ ਦੇ ਅੰਦਰ ਭੀੜ-ਭੜੱਕੇ ਦੇ ਪੱਧਰਾਂ ਅਤੇ ਰਿਹਾਇਸ਼ੀ ਸਮਰੱਥਾ ਦਾ ਮੁਲਾਂਕਣ ਕਰਨ ਲਈ ਵਰਤੀ ਜਾਂਦੀ ਹੈ। ਅਜਿਹੇ ਸੂਚਕਾਂ ਦੀ ਵਰਤੋਂ ਕਈ ਸੰਸਥਾਵਾਂ ਦੁਆਰਾ ਕਨੇਡੀਅਨਾਂ ਦੀਆਂ ਰਿਹਾਇਸ਼ੀ ਜ਼ਰੂਰਤਾਂ ਦਾ ਸਮਰਥਨ ਕਰਨ ਵਾਲੇ ਰਿਹਾਇਸ਼ੀ ਪ੍ਰੋਗਰਾਮਾਂ ਨੂੰ ਵਿਕਸਤ ਕਰਨ ਵਿੱਚ ਮਦਦ ਕਰਨ ਲਈ ਕੀਤੀ ਜਾਂਦੀ ਹੈ। ਰਿਹਾਇਸ਼ਾਂ ਦੀ ਉਮਰ ਅਤੇ ਮੁਰੰਮਤਾਂ ਦੀ ਜ਼ਰੂਰਤ ਬਾਰੇ ਜਾਣਕਾਰੀ ਦੀ ਵਰਤੋਂ ਨਗਰ ਪਾਲਿਕਾਵਾਂ ਦੁਆਰਾ ਨੇਬਰਹੁੱਡ ਸੁਧਾਰ ਪ੍ਰੋਗਰਾਮ ਵਿਕਸਤ ਕਰਨ ਲਈ ਕੀਤੀ ਜਾਂਦੀ ਹੈ।